# ਜਦੋਂ ਪਬਲਿਕ ਗਾਰਡੀਅਨ ਐਂਡ ਟਰੱਸਟੀ ਕਮੇਟੀ ਹੁੰਦਾ ਹੈ

## ਪੀ ਜੀ ਟੀ ਵਲੋਂ ਕਮੇਟੀ ਔਫ ਇਸਟੇਟ ਦੇ ਤੌਰ ’ਤੇ ਕੰਮ ਕਰਨ ਵੇਲੇ ਗਾਹਕਾਂ ਲਈ ਜਾਣਕਾਰੀ

PUBLIC GUARDIAN
AND TRUSTEE OF
BRITISH COLUMBIA

# ਜਦੋਂ ਪਬਲਿਕ ਗਾਰਡੀਅਨ ਐਂਡ ਟਰੱਸਟੀ ਕਮੇਟੀ ਹੁੰਦਾ ਹੈ

## ਪੀ ਜੀ ਟੀ ਵਲੋਂ ਕਮੇਟੀ ਔਫ ਇਸਟੇਟ ਦੇ ਤੌਰ 'ਤੇ ਕੰਮ ਕਰਨ ਵੇਲੇ ਗਾਹਕਾਂ ਲਈ ਜਾਣਕਾਰੀ

## ਵਿਸ਼ਾ-ਵਸਤੂ


| | |
|---|---|
| **ਜਾਣ-ਪਛਾਣ** | **3** |
| **ਕਮੇਟੀ ਕੀ ਹੈ?** | **3** |
| ਕਮੇਟੀ ਔਫ ਇਸਟੇਟ ਕੀ ਹੈ? | **3** |
| ਕਮੇਟੀ ਦੀ ਕਦੋਂ ਲੋੜ ਹੈ? | **4** |
| ਕੌਣ ਕਮੇਟੀ ਬਣ ਸਕਦਾ ਹੈ? | **4** |
| ਕਮੇਟੀ ਔਫ ਇਸਟੇਟ ਕਿਵੇਂ ਨਿਯੁਕਤ ਕੀਤੀ ਜਾਂਦੀ ਹੈ? | **4** |
| **ਕਮੇਟੀ ਔਫ ਇਸਟੇਟ ਵਜੋਂ ਪੀ ਜੀ ਟੀ ਕੀ ਕਰਦਾ ਹੈ?** | **5** |
| ਕਲਾਇੰਟ ਅਤੇ ਪਰਿਵਾਰ ਨੂੰ ਸ਼ਾਮਲ ਕਰਨਾ | **5** |
| ਸ਼ੁਰੂ ਕਰਨਾ | **6** |
| ਜਾਣਕਾਰੀ ਇਕੱਤਰ ਕਰਨਾ | **6** |
| ਆਮਦਨ ਇਕੱਠੀ ਕਰਨਾ ਅਤੇ ਬਿੱਲ ਦੇਣਾ | **7** |
| ਸੰਪਤੀ ਦੀ ਦੇਖਭਾਲ ਕਰਨਾ | **7** |
| ਫੀਸ ਅਤੇ ਖਰਚੇ | **8** |
| **ਕਮੇਟੀ ਔਫ ਇਸਟੇਟ ਵਜੋਂ ਪੀ ਜੀ ਟੀ ਦੇ ਰੋਲ ਨੂੰ ਖਤਮ ਕਰਨਾ** | **9** |
| ਜਦੋਂ ਕੋਈ ਬਾਲਗ ਸਮਰੱਥ ਬਣ ਜਾਂਦਾ ਹੈ ਜਾਂ ਪੀ ਜੀ ਟੀ ਦੀ ਲੋੜ ਨਹੀਂ ਰਹਿੰਦੀ | **9** |
| ਜਦੋਂ ਕਮੇਟੀ ਬਦਲੀ ਜਾਂਦੀ ਹੈ | **10** |
| **ਜਦੋਂ ਕਲਾਇੰਟ ਦੀ ਮੌਤ ਹੋ ਜਾਂਦੀ ਹੈ** | **11** |
| ਸੰਸਕਾਰ ਦੇ ਪ੍ਰਬੰਧ | **11** |
| ਮੁਢਲੇ ਕਦਮ | **11** |
| ਜਾਇਦਾਦ ਦੀ ਤਬਦੀਲੀ | **11** |
| ਤਬਦੀਲੀ ਦੌਰਾਨ ਪੀ ਜੀ ਟੀ ਦਾ ਕਾਨੂੰਨੀ ਅਧਿਕਾਰ | **11** |
| ਜੇ ਵਸੀਅਤ ਦੇ ਪ੍ਰਬੰਧਕ ਜਾਂ ਕਰੀਬੀ ਰਿਸ਼ਤੇਦਾਰ ਨੂੰ ਲੱਭਿਆ ਨਾ ਜਾ ਸਕੇ | **11** |
| **ਹੱਕਾਂ ਬਾਰੇ ਜਾਣਕਾਰੀ** | **12** |
| **ਪਬਲਿਕ ਗਾਰਡੀਅਨ ਐਂਡ ਟਰੱਸਟੀ ਨਾਲ ਸੰਪਰਕ ਕਰੋ** | **ਪਿਛਲਾ ਸਫਾ** |

## ਜਾਣ-ਪਛਾਣ

ਜਦੋਂ ਕਿਸੇ ਬਾਲਗ ਨੂੰ ਕਿਸੇ ਬੀਮਾਰੀ, ਐਕਸੀਡੈਂਟ, ਅਪਾਹਜਤਾ ਜਾਂ ਬੁਢੇਪੇ ਨਾਲ ਸੰਬੰਧਿਤ ਬੀਮਾਰੀਆਂ ਕਰਕੇ ਦਿਮਾਗੀ ਅਸਮਰੱਥਾ ਕਾਰਨ ਆਪਣੇ ਮਾਮਲੇ ਨਜਿੱਠਣ ਵਿਚ ਮਦਦ ਦੀ ਲੋੜ ਹੁੰਦੀ ਹੈ ਤਾ ਉਸ ਦੀ ਫੈਸਲੇ ਕਰਨ ਦੀ ਸਮਝ ਵਿਚ ਵਿਗਾੜ ਪੈ ਸਕਦਾ ਹੈ। ਬਾਲਗ ਰੋਜ਼ਮਰਾ ਦੇ ਕੰਮ ਕਰਨ ਦੇ ਯੋਗ ਨਹੀਂ ਰਹਿ ਸਕਦਾ ਹੈ ਜਿਹੜੇ ਉਸ ਦੀ ਸਿਹਤ ਅਤੇ ਸੁਰੱਖਿਆ ਲਈ ਜ਼ਰੂਰੀ ਹਨ। ਉਹ ਆਪਣੇ ਬਿੱਲ ਦੇਣਾ ਭੁੱਲ ਸਕਦੇ ਹਨ ਜਾਂ ਪੈਸੇ ਕਿਤੇ ਰੱਖ ਕੇ ਭੁੱਲ ਸਕਦੇ ਹਨ। ਬਾਲਗ, ਬੈਂਕਾਂ ਦੇ ਕੰਮ, ਇਨਵੈਸਟਮੈਂਟਾਂ, ਪ੍ਰਾਪਰਟੀ ਅਤੇ ਨਿੱਜੀ ਚੀਜ਼ਾਂ ਬਾਰੇ ਭੰਬਲਭੂਸੇ ਵਿਚ ਹੋ ਸਕਦਾ ਹੈ। ਨਤੀਜੇ ਵਜੋਂ, ਬਾਲਗ ਸਾਡੇ ਸਮਾਜ ਵਿਚ ਨੁਕਸਾਨ ਦੀ ਜ਼ਦ ਵਿਚ ਆਉਣ ਵਾਲਾ ਬਣ ਜਾਂਦਾ ਹੈ।

ਹਰ ਸਾਲ ਬਹੁਤ ਸਾਰੇ ਲੋਕ ਪਬਲਿਕ ਗਾਰਡੀਅਨ ਐਂਡ ਟਰੱਸਟੀ (ਪੀ ਜੀ ਟੀ) ਨਾਲ ਇਹ ਪਤਾ ਲਾਉਣ ਲਈ ਸੰਪਰਕ ਕਰਦੇ ਹਨ ਕਿ ਉਹ ਕਿਸੇ ਬਾਲਗ, ਦੋਸਤ ਜਾਂ ਰਿਸ਼ਤੇਦਾਰ ਦੀ ਮਦਦ ਲਈ ਕੀ ਕਰ ਸਕਦੇ ਹਨ ਜਿਹੜਾ ਆਪਣੇ ਕੰਮ ਆਪ ਨਹੀਂ ਕਰ ਸਕਦਾ। ਬਹੁਤੀਆਂ ਹਾਲਤਾਂ ਵਿਚ, ਪੀ ਜੀ ਟੀ ਨਾਲ ਸੰਪਰਕ ਕਰਨ ਵਾਲਾ ਵਿਅਕਤੀ ਉਹ ਮਦਦ ਪ੍ਰਦਾਨ ਕਰਨ ਲਈ ਤਿਆਰ ਹੁੰਦਾ ਹੈ ਜਿਸ ਦੀ ਲੋੜ ਹੁੰਦੀ ਹੈ। ਇਹ ਮਹੱਤਵਪੂਰਨ ਹੈ ਕਿਉਂਕਿ ਬਾਲਗ ਦੇ ਨੇੜਲੇ ਲੋਕ ਅਕਸਰ ਸਭ ਤੋਂ ਵਧੀਆ ਸੰਭਾਲ ਅਤੇ ਹਮਦਰਦੀ ਪੂਰਬਕ ਮਦਦ ਪ੍ਰਦਾਨ ਕਰਦੇ ਹਨ। ਜਦੋਂ ਕੋਈ ਹੋਰ ਮਦਦ ਕਰਨ ਦਾ ਖਾਹਸ਼ਮੰਦ ਅਤੇ ਯੋਗ ਨਹੀਂ ਹੁੰਦਾ ਤਾਂ ਬਾਲਗ ਦੀ ਮਦਦ ਕਰਨ ਲਈ ਪੀ ਜੀ ਟੀ ਦਾ ਰੋਲ ਹੁੰਦਾ ਹੈ।

**ਜ਼ਰੂਰੀ ਨੋਟ:** ਇਹ ਜਾਣਕਾਰੀ ਉਨ੍ਹਾਂ ਸੇਵਾਵਾਂ ਬਾਰੇ ਦੱਸਦੀ ਹੈ ਜਿਹੜੀਆਂ ਪੀ ਜੀ ਟੀ ਬਾਲਗਾਂ ਲਈ ਕਮੇਟੀ ਔਫ ਇਸਟੇਟ ਬਣਨ ਵੇਲੇ ਪ੍ਰਦਾਨ ਕਰਦਾ ਹੈ ਜਿਨ੍ਹਾਂ ਨੂੰ ਆਪਣੇ ਵਿੱਤੀ ਮਾਮਲਿਆਂ ਦਾ ਪ੍ਰਬੰਧ ਚਲਾਉਣ ਦੇ ਕਾਨੂੰਨੀ ਤੌਰ 'ਤੇ ਅਸਮਰੱਥ ਐਲਾਨਿਆ ਗਿਆ ਹੁੰਦਾ ਹੈ।

ਇਹ ਲਿਖਤ ਕਾਨੂੰਨੀ ਸ਼ਰਤਾਂ ਦੱਸਦੀ ਹੈ ਪਰ ਇਹ ਕਾਨੂੰਨੀ ਸਲਾਹ ਨਹੀਂ ਹੈ। ਇਹ ਆਮ ਜਾਣਕਾਰੀ ਹੈ ਅਤੇ ਕਾਨੂੰਨੀ ਸਲਾਹ ਦਾ ਬਦਲ ਨਹੀਂ ਹੈ। ਜੇ ਤੁਹਾਨੂੰ ਕਮੇਟੀਸ਼ਿਪ ਨਾਲ ਸੰਬੰਧਿਤ ਕਾਨੂੰਨੀ ਸਲਾਹ ਦੀ ਲੋੜ ਹੋਵੇ ਤਾਂ ਤੁਹਾਨੂੰ ਕਿਸੇ ਵਕੀਲ ਨਾਲ ਸਲਾਹ ਕਰਨੀ ਚਾਹੀਦੀ ਹੈ।

# ਕਮੇਟੀ ਕੀ ਹੈ?

ਜਦੋਂ ਕਿਸੇ ਬਾਲਗ ਨੂੰ ਆਪਣੇ ਵਿੱਤੀ ਅਤੇ ਕਾਨੂੰਨੀ ਮਾਮਲਿਆਂ ਦਾ ਪ੍ਰਬੰਧ ਚਲਾਉਣ ਵਿਚ ਮਦਦ ਦੀ ਲੋੜ ਹੁੰਦੀ ਹੈ ਤਾਂ ਉਨ੍ਹਾਂ ਨੇ ਪਹਿਲਾਂ ਹੀ ਪਲੈਨ ਬਣਾਈ ਹੋ ਸਕਦੀ ਹੈ ਅਤੇ ਇੰਡੁਅਰਿੰਗ ਪੌਵਰ ਔਫ ਅਟਾਰਨੀ (ਮੁਖਤਾਰਨਾਮੇ) ਜਾਂ ਨੁਮਾਇੰਦਗੀ ਦੇ ਐਗਰੀਮੈਂਟ (ਰੈਪਰੇਜ਼ਿਨਟੇਸ਼ਨ ਐਗਰੀਮੈਂਟ) ਰਾਹੀਂ ਫੈਸਲੇ ਕਰਨ ਲਈ ਕਿਸੇ ਨੂੰ ਅਧਿਕਾਰ ਦਿੱਤਾ ਹੋ ਸਕਦਾ ਹੈ। ਜੇ ਇਹ ਪ੍ਰਬੰਧ ਨਹੀਂ ਕੀਤੇ ਗਏ ਅਤੇ ਕਿਸੇ ਨੂੰ ਮਦਦ ਕਰਨ ਦੀ ਲੋੜ ਹੈ ਕਿਉਂਕਿ ਬਾਲਗ ਅਸਮਰੱਥ ਹੈ ਤਾਂ ਆਮ ਤੌਰ 'ਤੇ ਕੋਈ ਦੋਸਤ ਜਾਂ ਰਿਸ਼ਤੇਦਾਰ ਬਾਲਗ ਦੇ ਵਿੱਤੀ ਮਾਮਲਿਆਂ ਨੂੰ ਚਲਾਉਣ ਲਈ ਅਦਾਲਤ ਕੋਲ ਅਪਲਾਈ ਕਰਦਾ ਹੈ। ਇਸ ਨੂੰ *ਪੇਸ਼ੈਂਟਸ ਪ੍ਰਾਪਰਟੀ ਐਕਟ* ਅਧੀਨ "ਕਮੇਟੀ ਔਫ ਇਸਟੇਟ" ਆਖਿਆ ਜਾਂਦਾ ਹੈ। ਜਦੋਂ ਕਮੇਟੀ ਵਜੋਂ ਕੰਮ ਕਰਨ ਦਾ ਖਾਹਸ਼ਮੰਦ ਅਤੇ ਯੋਗ ਕੋਈ ਪਰਿਵਾਰ ਜਾਂ ਦੋਸਤ ਨਹੀਂ ਹੁੰਦੇ ਤਾਂ ਇਨ੍ਹਾਂ ਦੀ ਥਾਂ 'ਤੇ ਪਬਲਿਕ ਗਾਰਡੀਅਨ ਐਂਡ ਟਰੱਸਟੀ (ਪੀ ਜੀ ਟੀ) ਨੂੰ ਨਿਯੁਕਤ ਕੀਤਾ ਜਾ ਸਕਦਾ ਹੈ।

## ਕਮੇਟੀ ਔਫ ਇਸਟੇਟ ਕੀ ਹੈ?

ਕਮੇਟੀ ਔਫ ਇਸਟੇਟ ਇਕ ਵਿਅਕਤੀ ਹੈ ਜਿਹੜਾ ਕਿਸੇ ਉਸ ਬਾਲਗ ਲਈ ਵਿੱਤੀ ਅਤੇ ਕਾਨੂੰਨੀ ਫੈਸਲੇ ਕਰਨ ਲਈ ਨਿਯੁਕਤ ਕੀਤਾ ਗਿਆ ਹੁੰਦਾ ਹੈ ਜਿਹੜਾ ਅਸਮਰੱਥ ਹੁੰਦਾ ਹੈ ਅਤੇ ਜਿਸ ਨੂੰ ਮਦਦ ਦੀ ਲੋੜ ਹੁੰਦੀ ਹੈ। ਕਮੇਟੀ ਔਫ ਇਸਟੇਟ ਦੀਆਂ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਹਨ ਜਿਸ ਵਿਚ ਸੰਪਤੀ ਨੂੰ ਸੁਰੱਖਿਅਤ ਕਰਨਾ, ਬੈਨੇਫਿਟਾਂ ਲਈ ਹੱਕਦਾਰੀ ਦੀ ਤਸਦੀਕ ਕਰਨਾ, ਆਮਦਨ ਲੈਣਾ, ਬਿੱਲ ਦੇਣਾ, ਸੇਵਾਵਾਂ ਲਈ ਠੇਕਾ ਦੇਣਾ, ਪ੍ਰਾਪਰਟੀ ਨੂੰ ਕਾਇਮ ਰੱਖਣਾ, ਖਰੀਦਣਾ ਅਤੇ ਵੇਚਣਾ, ਇਨਵੈਸਟਮੈਂਟਾਂ ਦੀ ਦੇਖਭਾਲ ਕਰਨਾ, ਟੈਕਸ ਰੀਟਰਨਾਂ ਤਿਆਰ ਕਰਨਾ ਅਤੇ ਕਾਨੂੰਨੀ ਤੌਰ 'ਤੇ ਨਿਰਭਰ ਲੋਕਾਂ ਦੀ ਢੁਕਵੇਂ ਤਰੀਕੇ ਨਾਲ ਮਦਦ ਕਰਨਾ ਸ਼ਾਮਲ ਹੈ। ਕਾਨੂੰਨੀ ਜ਼ਿੰਮੇਵਾਰੀਆਂ ਵਿਚ ਸਿਵਲ ਲਾਅ ਦੇ ਮਾਮਲਿਆਂ ਵਿਚ ਮੁਕੱਦਮੇ ਦੀ ਪੈਰਵੀ ਕਰਨਾ ਸ਼ਾਮਲ ਹੈ। ਇਹ ਰੋਲ ਨਿਭਾਉਣ ਵੇਲੇ, ਕਮੇਟੀ ਤੋਂ ਬਾਲਗ ਦੀ ਆਜ਼ਾਦੀ ਦਾ ਧਿਆਨ ਰੱਖਣ ਅਤੇ ਕੋਈ ਵੀ ਉਹ ਫੈਸਲਾ ਕਰਨ ਵਿਚ ਬਾਲਗ ਦੀ ਸ਼ਮੂਲੀਅਤ ਨੂੰ ਉਤਸ਼ਾਹ ਦੇਣ ਦੀ ਮੰਗ ਕੀਤੀ ਜਾਂਦੀ ਹੈ ਜਿਸ ਦਾ ਬਾਲਗ 'ਤੇ ਅਸਰ ਪੈਂਦਾ ਹੈ।

ਕਮੇਟੀ ਔਫ ਇਸਟੇਟ, ਸਿਹਤ ਸੰਭਾਲ, ਫਾਸਿਲਟੀ ਵਿਚ ਰੱਖਣ ਅਤੇ ਰਹਿਣ ਦੇ ਪ੍ਰਬੰਧਾਂ ਨਾਲ ਸੰਬੰਧਿਤ ਫੈਸਲੇ ਨਹੀਂ ਕਰਦੀ ਜਾ ਹੋਰ ਨਿੱਜੀ ਫੈਸਲੇ ਨਹੀਂ ਕਰਦੀ। ਇਨ੍ਹਾਂ ਵਿੱਚੋਂ ਕੁਝ ਜਾਂ ਸਾਰੇ ਫੈਸਲੇ ਬਦਲਵੇਂ ਫੈਸਲੇ ਕਰਨ ਵਾਲੀਆਂ ਹੋਰ ਕਿਸਮਾਂ ਵਲੋਂ ਕੀਤੇ ਜਾ ਸਕਦੇ ਹਨ ਜਿਵੇਂ ਕਿ ਕਮੇਟੀ ਔਫ ਪਰਸਨ, ਨੁਮਾਇੰਦਗੀ ਦੇ ਐਗਰੀਮੈਂਟ ਅਧੀਨ ਕੋਈ ਨੁਮਾਇੰਦਾ, ਜਾਂ ਸਿਹਤ ਸੰਭਾਲ ਲਈ ਆਰਜ਼ੀ ਤੌਰ 'ਤੇ ਬਦਲਵੇਂ ਫੈਸਲੇ ਕਰਨ ਵਾਲਾ। ਜੇ ਸਿਹਤ ਸੰਭਾਲ ਦੇ ਫੈਸਲੇ ਲਈ ਸਹਿਮਤੀ ਦੀ ਲੋੜ ਹੈ ਅਤੇ ਇਹ ਦੇਣ ਲਈ ਕੋਈ ਨਹੀਂ ਹੈ ਤਾਂ ਪੀ ਜੀ ਟੀ ਨੂੰ ਆਰਜ਼ੀ ਤੌਰ 'ਤੇ ਬਦਲਵੇਂ ਫੈਸਲੇ ਕਰਨ ਵਾਲੇ ਦੇ ਤੌਰ 'ਤੇ ਕੰਮ ਕਰਨ ਲਈ ਅਧਿਕਾਰ ਦਿੱਤਾ ਜਾ ਸਕਦਾ ਹੈ।

## ਕਮੇਟੀ ਦੀ ਕਦੋਂ ਲੋੜ ਹੈ?

ਭਾਵੇਂ ਕਿ ਕੋਈ ਬਾਲਗ ਆਪਣੇ ਵਿੱਤੀ ਅਤੇ ਕਾਨੂੰਨੀ ਮਾਮਲੇ ਆਪ ਨਜਿੱਠਣ ਦੇ ਸਮਰੱਥ ਨਹੀਂ ਹੋ ਸਕਦਾ ਹੈ, ਪਰ ਉਹ ਅਜੇ ਵੀ ਕੁਝ ਫੈਸਲੇ ਕਰਨ ਦੇ ਸਮਰੱਥ ਹੋ ਸਕਦੇ ਹਨ। ਇਹ ਫੈਸਲਾ ਕਿ ਕੀ ਕੋਈ ਬਾਲਗ ਆਪਣੇ ਵਿੱਤੀ ਅਤੇ ਕਾਨੂੰਨੀ ਮਾਮਲੇ ਨਜਿੱਠਣ ਦੇ ਸਮਰੱਥ ਹੈ ਕਾਨੂੰਨੀ ਹੈ ਜੋ ਕਿ ਇਸ ਅਸੈੱਸਮੈਂਟ 'ਤੇ ਆਧਾਰਿਤ ਹੈ ਜਿਹੜੀ ਇਹ ਫੈਸਲਾ ਕਰਦੀ ਹੈ ਕਿ ਕੀ ਬਾਲਗ ਕੋਲ ਉਨ੍ਹਾਂ ਫੈਸਲਿਆਂ ਦੇ ਅਸਰ ਨੂੰ ਸਮਝਣ ਲਈ ਦਿਮਾਗੀ ਸਮਰੱਥਾ ਹੈ ਜਿਹੜੇ ਕੀਤੇ ਜਾਣੇ ਜ਼ਰੂਰੀ ਹਨ। ਕਮੇਟੀ ਔਫ ਇਸਟੇਟ ਨਿਯੁਕਤ ਕਰਨਾ ਆਖਰੀ ਚਾਰਾ ਹੈ ਅਤੇ ਇਸ 'ਤੇ ਵਿਚਾਰ ਸਿਰਫ ਉਦੋਂ ਹੀ ਕੀਤੀ ਜਾਂਦੀ ਹੈ ਜਦੋਂ ਬਾਕੀ ਸਾਰੀਆਂ ਚੋਣਾਂ, ਜਿਵੇਂ ਕਿ ਪੈਨਸ਼ਨ ਟਰੱਸਟੀਸ਼ਿਪ, ਨੁਮਾਇੰਦਗੀ ਦਾ ਐਗਰੀਮੈਂਟ ਜਾਂ ਇੰਡੁਅਰਿੰਗ ਪੌਵਰ ਔਫ ਅਟਾਰਨੀ ਲੱਭ ਕੇ ਦੇਖ ਲਈਆਂ ਗਈਆਂ ਹਨ। ਜ਼ਿਆਦਾ ਜਾਣਕਾਰੀ ਲਈ "ਵਿਚਾਰੀਆਂ ਜਾਣ ਵਾਲੀਆਂ ਚੋਣਾਂ" ਦੇਖੋ।

ਕਮੇਟੀ ਔਫ ਇਸਟੇਟ ਵਜੋਂ ਕੰਮ ਕਰਨ ਵੇਲੇ, ਪੀ ਜੀ ਟੀ ਮਦਦ ਦਾ ਉਹ ਪੱਧਰ ਦੇਣ ਦੀ ਪੂਰੀ ਵਾਹ ਲਾਉਂਦਾ ਹੈ ਜਿਸ ਦੀ ਬਾਲਗ ਨੂੰ ਲੋੜ ਹੈ, ਬਾਲਗ ਨੂੰ ਫੈਸਲੇ ਕਰਨ ਵਿਚ ਸ਼ਾਮਲ ਕਰਨ ਦੀ ਅਤੇ ਉਸ ਦੀ ਆਜ਼ਾਦੀ ਕਾਇਮ ਰੱਖਣ ਦੀ ਪੂਰੀ ਕੋਸ਼ਿਸ਼ ਕਰਦਾ ਹੈ। ਪੀ ਜੀ ਟੀ ਵਲੋਂ ਆਪਣੇ ਟਰੱਸਟੀ ਫਰਜ਼ ਨਿਭਾਉਣ ਵੇਲੇ ਬਾਲਗ ਦੀਆਂ ਇੱਛਾਂਵਾਂ ਅਤੇ ਬੀਤੇ ਸਮੇਂ ਦੀਆਂ ਪ੍ਰੈਕਟਿਸਾਂ ਨੂੰ ਧਿਆਨ ਵਿਚ ਰੱਖਿਆ ਜਾਂਦਾ ਹੈ। ਹਰ ਬਾਲਗ ਦੀ ਹਾਲਤ ਵੱਖਰੀ ਹੁੰਦੀ ਹੈ।

## ਕੌਣ ਕਮੇਟੀ ਬਣ ਸਕਦਾ ਹੈ?

ਜੇ ਕਮੇਟੀਸ਼ਿਪ ਦੀ ਲੋੜ ਹੋਵੇ ਤਾਂ ਕੋਈ ਦੋਸਤ, ਪਰਿਵਾਰ ਦਾ ਮੈਂਬਰ ਜਾਂ ਟਰੱਸਟ ਕੰਪਨੀ ਕਮੇਟੀ ਬਣਨ ਲਈ ਅਦਾਲਤ ਕੋਲ ਅਪਲਾਈ ਕਰ ਸਕਦਾ ਹੈ ਤਾਂ ਜੋ ਉਹ ਉਸ ਵਿਅਕਤੀ ਦੇ ਮਾਮਲੇ ਸਾਂਭ ਸਕਣ ਜਿਸ ਨੂੰ ਮਦਦ ਦੀ ਲੋੜ ਹੈ। ਇਸ ਨੂੰ "ਪ੍ਰਾਈਵੇਟ ਕਮੇਟੀ" ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਜੇ ਤੁਹਾਡੇ ਕੋਲ ਕੋਈ ਹੈ ਜਿਸ ਨੂੰ ਮਦਦ ਦੀ ਲੋੜ ਹੈ ਅਤੇ ਤੁਸੀਂ ਪ੍ਰਾਈਵੇਟ ਕਮੇਟੀ ਬਣਨ ਵਿਚ ਦਿਲਚਸਪੀ ਰੱਖਦੇ ਹੋ ਤਾਂ ਕਿਰਪਾ ਕਰਕੇ ਸਾਡੀ "ਪ੍ਰਾਈਵੇਟ ਕਮੇਟੀ ਹੈਂਡਬੁੱਕ" ਅਤੇ "ਤੁਸੀਂ ਕਿਵੇਂ ਮਦਦ ਕਰ ਸਕਦੇ ਹੋ" ਦੇਖੋ।

ਪੀ ਜੀ ਟੀ ਉਨ੍ਹਾਂ ਕੇਸਾਂ ਵਿਚ ਕਮੇਟੀ ਦੇ ਤੌਰ 'ਤੇ ਕੰਮ ਕਰਦਾ ਹੈ ਜਿੱਥੇ ਕੋਈ ਪਰਿਵਾਰ ਜਾਂ ਦੋਸਤ ਨਹੀਂ ਹਨ ਜਿਹੜੇ ਕਾਰਜ ਕਰਨ ਦੇ ਖਾਹਸ਼ਮੰਦ ਅਤੇ ਯੋਗ ਹਨ, ਜਾਂ ਜਿੱਥੇ ਕਮੇਟੀਸ਼ਿਪ ਬਾਰੇ ਪਰਿਵਾਰ ਦੇ ਮੈਂਬਰਾਂ ਵਿਚਕਾਰ ਮਤਭੇਦ ਹਨ ਅਤੇ ਕਮੇਟੀ ਦਾ ਰੋਲ ਨਿਭਾਉਣ ਲਈ ਕਿਸੇ ਨਿਰਪੱਖ ਧਿਰ ਨੂੰ ਤਰਜੀਹ ਦਿੱਤੀ ਜਾਂਦੀ ਹੈ। ਕਲਾਇੰਟ ਨਾਲ ਸੰਬੰਧਿਤ ਫੈਸਲੇ ਕਰਨ ਵਿਚ ਪੀ ਜੀ ਟੀ ਸਰਕਾਰ ਤੋਂ ਆਜ਼ਾਦ ਹੈ ਅਤੇ ਉਸ ਦੀ ਡਿਊਟੀ ਕਲਾਇੰਟ ਪ੍ਰਤੀ ਸਾਲਮ ਦਿਆਨਤਦਾਰੀ ਹੈ।

## ਕਮੇਟੀ ਔਫ ਇਸਟੇਟ ਕਿਵੇਂ ਨਿਯੁਕਤ ਕੀਤੀ ਜਾਂਦੀ ਹੈ?

ਕਮੇਟੀ ਔਫ ਇਸਟੇਟ ਦੋ ਵਿੱਚੋਂ ਇਕ ਤਰੀਕੇ ਨਾਲ ਨਿਯੁਕਤ ਕੀਤੀ ਜਾ ਸਕਦੀ ਹੈ:

ਏ) **ਅਸਮਰੱਥਾ ਦੇ ਸਰਟੀਫਿਕੇਟ ਰਾਹੀਂ:** ਕਿਸੇ ਬਾਲਗ ਦੀ ਅਸਮਰੱਥਾ ਦੀ ਅਸੈੱਸਮੈਂਟ ਕਰਨ ਤੋਂ ਬਾਅਦ ਕਿਸੇ ਹੈਲਥ ਅਥਾਰਟੀ ਵਲੋਂ ਅਸਮਰੱਥਾ ਦਾ ਸਰਟੀਫਿਕੇਟ ਜਾਰੀ ਕੀਤਾ ਜਾ ਸਕਦਾ ਹੈ। ਅਸੈੱਸਮੈਂਟ ਵਿਚ ਮੈਡੀਕਲ ਅਤੇ ਕੰਮਕਾਰੀ ਦੋਨੋਂ ਹਿੱਸੇ ਸ਼ਾਮਲ ਹਨ ਅਤੇ ਇਸ ਲਈ ਕਾਨੂੰਨੀ ਮਿਆਰ ਪੂਰੇ ਕਰਨਾ ਜ਼ਰੂਰੀ ਹੈ। ਇਹ ਕਾਰਜ *ਅਡੱਲਟ ਗਾਰਡੀਅਨਸ਼ਿਪ ਐਕਟ* ਅਧੀਨ ਪੀ ਜੀ ਟੀ ਨੂੰ "ਕਾਨੂੰਨੀ ਪ੍ਰਾਪਰਟੀ ਗਾਰਡੀਅਨ" ਨਿਯੁਕਤ ਕਰਦਾ ਹੈ। ਨਿਯੁਕਤ ਹੋਣ ਤੋਂ ਬਾਅਦ, ਪੀ ਜੀ ਟੀ, *ਪੇਸ਼ੈਂਟਸ ਪ੍ਰਾਪਰਟੀ ਐਕਟ* ਅਧੀਨ ਕਮੇਟੀ ਔਫ ਇਸਟੇਟ ਬਣ ਜਾਂਦਾ ਹੈ। ਇਸ ਤਰੀਕੇ ਨਾਲ ਸਿਰਫ ਪੀ ਜੀ ਟੀ ਨੂੰ ਹੀ ਨਿਯੁਕਤ ਕੀਤਾ ਜਾ ਸਕਦਾ ਹੈ।

ਬੀ) **ਅਦਾਲਤ ਰਾਹੀਂ:** ਕੋਈ ਵੀ ਵਿਅਕਤੀ ਜਾਂ ਪੀ ਜੀ ਟੀ *ਪੇਸ਼ੈਂਟਸ ਪ੍ਰਾਪਰਟੀ ਐਕਟ* ਅਧੀਨ ਕਮੇਟੀ ਔਫ ਇਸਟੇਟ ਨਿਯੁਕਤ ਕੀਤੇ ਜਾਣ ਲਈ ਅਦਾਲਤ ਕੋਲ ਅਪਲਾਈ ਕਰ ਸਕਦਾ ਹੈ। ਅਦਾਲਤ ਦੋ ਡਾਕਟਰਾਂ ਦੀ ਰਾਇ 'ਤੇ ਵਿਚਾਰ ਕਰੇਗੀ, ਜਿਹੜੇ ਬਾਲਗ ਨੂੰ ਮਿਲੇ ਹੁੰਦੇ ਹਨ ਅਤੇ ਉਸ ਦੀ ਜਾਂਚ ਕੀਤੀ ਹੁੰਦੀ ਹੈ, ਅਤੇ ਹੋਰ ਢੁਕਵੀਂ ਜਾਣਕਾਰੀ ਵੀ ਵਿਚਾਰੇਗੀ।

# ਕਮੇਟੀ ਔਫ ਇਸਟੇਟ ਵਜੋਂ ਪੀ ਜੀ ਟੀ ਕੀ ਕਰਦਾ ਹੈ?

ਜਦੋਂ ਪਬਲਿਕ ਗਾਰਡੀਨ ਐਂਡ ਟਰੱਸਟੀ (ਪੀ ਜੀ ਟੀ) ਨੂੰ ਕਿਸੇ ਬਾਲਗ ਦੇ ਵਿੱਤੀ ਮਾਮਲੇ ਦਾ ਪ੍ਰਬੰਧ ਚਲਾਉਣ ਲਈ ਕਮੇਟੀ ਔਫ ਇਸਟੇਟ ਨਿਯੁਕਤ ਕੀਤਾ ਜਾਂਦਾ ਹੈ ਤਾਂ ਉਹ ਬਾਲਗ ਪੀ ਜੀ ਟੀ ਦਾ ਕਲਾਇੰਟ (ਗਾਹਕ) ਬਣ ਜਾਂਦਾ ਹੈ। ਪੀ ਜੀ ਟੀ ਦਾ, ਕਿਸੇ ਵੀ ਹੋਰ ਕਮੇਟੀ ਔਫ ਇਸਟੇਟ ਵਾਂਗ, ਕਲਾਇੰਟ ਦੀ ਪ੍ਰਾਪਰਟੀ (ਜਾਇਦਾਦ) ਦੀ ਰੱਖਿਆ ਕਰਨ ਦਾ ਫਰਜ਼ ਹੈ ਅਤੇ ਉਸ ਕੋਲ ਕਲਾਇੰਟ ਦੀ ਸਾਰੀ ਪ੍ਰਾਪਰਟੀ ਨਾਲ ਵਰਤਣ ਦਾ ਅਧਿਕਾਰ ਹੈ। ਸਾਰੀ ਪ੍ਰਾਪਰਟੀ ਕਲਾਇੰਟ ਦੇ ਨਾਂ ’ਤੇ ਜਾਰੀ ਰਹਿੰਦੀ ਹੈ ਅਤੇ ਕਲਾਇੰਟ ਦੇ ਨਾਂ ’ਤੇ ਟਰੱਸਟ ਵਿਚ ਰੱਖੀ ਜਾਂਦੀ ਹੈ।

ਕਮੇਟੀ ਵਜੋਂ ਪੀ ਜੀ ਟੀ ਦਾ ਫਰਜ਼, ਸੰਪਤੀ ਨੂੰ ਕਲਾਇੰਟ ਅਤੇ ਕਲਾਇੰਟ ਦੇ ਕਾਨੂੰਨੀ ਨਿਰਭਰ (ਨਿਰਭਰਾਂ) ਦੇ ਫਾਇਦੇ ਲਈ ਸਾਂਭਣਾ ਹੈ। ਪੀ ਜੀ ਟੀ ਵਲੋਂ ਕੀਤੇ ਜਾਣ ਵਾਲੇ ਸਾਰੇ ਐਕਸ਼ਨ ਅਤੇ ਫੈਸਲੇ ਕਲਾਇੰਟ ਦੇ ਫਾਇਦੇ ਲਈ ਕੀਤੇ ਜਾਣੇ ਜ਼ਰੂਰੀ ਹਨ ਅਤੇ ਇਸ ਤਰ੍ਹਾਂ ਪੀ ਜੀ ਟੀ, ਕਲਾਇੰਟ ਦੀ ਤਰਫੋਂ ਫੈਸਲੇ ਕਰਨ ਵੇਲੇ ਕਲਾਇੰਟ ਦੇ ਨਿੱਜੀ ਹਲਾਤਾਂ ਅਤੇ ਵਿਲੱਖਣ ਪਰਿਵਾਰਕ ਹਾਲਤ ਨੂੰ ਧਿਆਨ ਵਿਚ ਰੱਖਦਾ ਹੈ। ਪੀ ਜੀ ਟੀ ਨੂੰ ਸੇਧ *ਅਡੱਲਟ ਗਾਰਡੀਅਨਸ਼ਿਪ ਐਕਟ* ਦੇ ਸਿਧਾਂਤਾਂ ਤੋਂ ਮਿਲਦੀ ਹੈ, ਅਤੇ ਉਸ ਦਾ ਫਰਜ਼ ਕਲਾਇੰਟ ਦੀ ਆਜ਼ਾਦੀ ਨੂੰ ਵੱਧ ਤੋਂ ਵੱਧ ਕਾਇਮ ਰੱਖਣਾ ਹੈ ਅਤੇ ਜਿੰਨਾ ਵੀ ਵੱਧ ਤੋਂ ਵੱਧ ਹੋ ਸਕੇ ਫੈਸਲੇ ਕਰਨ ਵਿਚ ਬਾਲਗ ਨੂੰ ਸ਼ਾਮਲ ਕਰਨਾ ਹੈ। ਪੀ ਜੀ ਟੀ ਫੈਸਲੇ ਕਰਨ ਵਿਚ ਕਲਾਇੰਟ, ਅਤੇ/ ਜਾਂ ਜਿੱਥੇ ਵੀ ਢੁਕਵਾਂ ਹੋਵੇ ਪ੍ਰਭਾਵਿਤ ਜਾਂ ਸ਼ਾਮਲ ਪਰਿਵਾਰ ਅਤੇ ਦੋਸਤਾਂ ਨੂੰ ਸ਼ਾਮਲ ਕਰੇਗਾ।

ਹਰ ਕਲਾਇੰਟ ਦੇ ਵਿੱਤੀ ਅਤੇ ਕਾਨੂੰਨੀ ਮਾਮਲਿਆਂ ਦਾ ਪ੍ਰਬੰਧ ਕਲਾਇੰਟ ਦੇ ਬਿਹਤਰ ਹਿੱਤਾਂ ਲਈ ਨਿੱਜੀ ਆਧਾਰ ’ਤੇ ਚਲਾਇਆ ਜਾਂਦਾ ਹੈ। ਇਕ ਕਲਾਇੰਟ ਸਰਵਿਸ ਟੀਮ, ਜਿਸ ਵਿਚ ਇਕ ਕੇਸ ਮੈਨੇਜਰ ਅਤੇ ਵਿੱਤੀ ਅਤੇ ਕਾਨੂੰਨੀ ਮੁਹਾਰਤ ਵਾਲਾ ਸਟਾਫ ਸ਼ਾਮਲ ਹੁੰਦਾ ਹੈ, ਵਿੱਤੀ ਅਤੇ ਕਾਨੂੰਨੀ ਮਾਮਲਿਆਂ ਨਾਲ ਵਰਤਦੀ ਹੈ।

| ਕਮੇਟੀ ਔਫ ਇਸਟੇਟ ਇਨ੍ਹਾਂ ਚੀਜ਼ਾਂ ਬਾਰੇ ਫੈਸਲੇ ਕਰ ਸਕਦੀ ਹੈ: | ਕਮੇਟੀ ਔਫ ਇਸਟੇਟ ਇਨ੍ਹਾਂ ਚੀਜ਼ਾਂ ਬਾਰੇ ਫੈਸਲੇ ਨਹੀਂ ਕਰ ਸਕਦੀ: |
|---|---|
| ਸੰਪਤੀ ਨੂੰ ਸੁਰੱਖਿਅਤ ਕਰਨਾ | ਸਿਹਤ ਸੰਭਾਲ |
| ਬੈਨੇਫਿਟਾਂ ਲਈ ਅਪਲਾਈ ਕਰਨਾ | ਨਿੱਜੀ ਫੈਸਲੇ |
| ਆਮਦਨ ਪ੍ਰਾਪਤ ਕਰਨਾ | ਰੱਖਣ ਅਤੇ ਰਹਿਣ ਦੇ ਫੈਸਲੇ |
| ਬਿੱਲ ਦੇਣਾ | ਵਿਆਹ ਜਾਂ ਤਲਾਕ* |
| ਸੇਵਾਵਾਂ ਲਈ ਠੇਕਾ ਦੇਣਾ | ਗੋਦ ਲੈਣਾ* |
| ਰੀਅਲ ਇਸਟੇਟ ਦੀ ਸੰਭਾਲ ਕਰਨਾ, ਖਰੀਦਣਾ ਅਤੇ ਵੇਚਣਾ | ਵੋਟਿੰਗ* |
| ਇਨਵੈਸਟਮੈਂਟਾਂ ਦੀ ਦੇਖਭਾਲ ਕਰਨਾ | ਵਸੀਅਤ ਬਣਾਉਣਾ* |
| ਟੈਕਸ ਰੀਟਰਨਾਂ ਤਿਆਰ ਕਰਨਾ | ਮੁਜਰਮਾਨਾ ਪ੍ਰੋਸੀਡਿੰਗਜ਼* |
| ਢੁਕਵੇਂ ਤਰੀਕੇ ਨਾਲ ਕਾਨੂੰਨੀ ਨਿਰਭਰਾਂ ਦੀ ਮਦਦ ਕਰਨਾ | ਇਮੀਗਰੇਸ਼ਨ ਦੇ ਮਾਮਲੇ* |

*ਇਨ੍ਹਾਂ ਮਾਮਲਿਆਂ ’ਤੇ ਫੈਸਲੇ ਬਦਲਵੇਂ ਫੈਸਲੇ ਕਰਨ ਵਾਲਾ ਨਹੀਂ ਕਰ ਸਕਦਾ।

## ਕਲਾਇੰਟ ਅਤੇ ਪਰਿਵਾਰ ਨੂੰ ਸ਼ਾਮਲ ਕਰਨਾ

ਕਮੇਟੀ ਦੇ ਤੌਰ ’ਤੇ, ਪੀ ਜੀ ਟੀ ਕਲਾਇੰਟ ਦੀ ਆਜ਼ਾਦੀ ਦੀ ਹਿਮਾਇਤ ਕਰਦਾ ਹੈ ਅਤੇ ਇਸ ਨੂੰ ਉਤਸ਼ਾਹ ਦਿੰਦਾ ਹੈ ਅਤੇ ਮੁੱਖ ਫੈਸਲੇ ਕਰਨ ਵੇਲੇ ਜਿੱਥੇ ਵੀ ਸੰਭਵ ਹੋਵੇ ਕਲਾਇੰਟ ਨੂੰ ਸ਼ਾਮਲ ਕਰਦਾ ਹੈ। ਲੋੜਾਂ, ਤਰਜੀਹਾਂ, ਸ਼ਮੂਲੀਅਤ ਦੇ ਪੱਧਰ ਦੀ ਪਛਾਣ ਕਰਨ ਲਈ ਅਤੇ ਪਲੈਨ ਤਿਆਰ ਕਰਨ ਲਈ ਕੇਸ ਮੈਨੇਜਰ ਕਲਾਇੰਟ ਨੂੰ ਮਿਲੇਗਾ। ਜੇ ਸੰਪਤੀ ਸੁਰੱਖਿਅਤ ਹੋਵੇ ਅਤੇ ਕਲਾਇੰਟ ਸਮਰੱਥ ਹੋਵੇ ਤਾਂ ਪੀ ਜੀ ਟੀ ਰੋਜ਼ਮਰਾ ਦੇ ਫੈਸਲਿਆਂ ਵਿਚ ਆਪਣੀ ਸ਼ਮੂਲੀਅਤ ਨੂੰ ਘੱਟ ਤੋਂ ਘੱਟ ਕਰੇਗਾ ਜਿਵੇਂ ਕਿ ਗਰੌਸਰੀ ਸ਼ੌਪਿੰਗ ਅਤੇ ਮਨੋਰੰਜਨ। ਬਹੁਤ ਸਾਰੇ ਕਲਾਇੰਟ ਅਜੇ ਵੀ ਆਪਣਾ ਬੈਂਕ ਅਕਾਊਂਟ ਰੱਖਦੇ ਅਤੇ ਵਰਤਦੇ ਹਨ।

ਪੀ ਜੀ ਟੀ ਕਲਾਇੰਟ ਅਤੇ ਪ੍ਰਭਾਵਿਤ ਪਰਿਵਾਰ ਨੂੰ ਵੱਡੇ ਵਿੱਤੀ ਅਤੇ ਕਾਨੂੰਨੀ ਫੈਸਲਿਆਂ ਵਿਚ ਸ਼ਾਮਲ ਕਰਦੀ ਹੈ। ਸ਼ਮੂਲੀਅਤ ਦਾ ਪੱਧਰ ਇਸ ਤਰ੍ਹਾਂ ਦੀਆਂ ਚੀਜ਼ਾਂ ’ਤੇ ਨਿਰਭਰ ਕਰੇਗਾ ਜਿਵੇਂ ਕਿ ਕਲਾਇੰਟ ਦੀਆਂ ਇੱਛਾਵਾਂ, ਪਿਛਲੀਆਂ ਪ੍ਰੈਕਟਿਸਾਂ, ਸਮਝਣ ਦੀ ਕਲਾਇੰਟ ਦੀ ਸਮਰੱਥਾ, ਪਰਿਵਾਰ ਦੀ ਦਿਲਚਸਪੀ ਅਤੇ ਉਪਲਬਧਤਾ, ਅਤੇ ਹਾਲਤ ਦੀ ਸ਼ਿੱਦਤ ਅਤੇ ਭੇਤਦਾਰੀ।

ਉਨ੍ਹਾਂ ਹਾਲਤਾਂ ਵਿਚ ਜਿੱਥੇ ਵਿੱਤੀ ਫੈਸਲੇ ਕਰਨੇ ਪੈਣੇ ਹਨ ਜਿਹੜੇ ਨਿੱਜੀ ਜਾਂ ਸਿਹਤ ਸੰਭਾਲ ਦੇ ਫੈਸਲਿਆਂ ’ਤੇ ਅਸਰ ਪਾ ਸਕਦੇ ਹਨ, ਪੀ ਜੀ ਟੀ ਬਾਲਗ ਨਾਲ ਅਤੇ/ਜਾਂ ਹੋਰਨਾਂ ਨਾਲ ਰਲ ਕੇ ਕੰਮ ਕਰਦਾ ਹੈ, ਜਿਵੇਂ ਕਿ ਕਲਾਇੰਟ ਦੀ ਕਮੇਟੀ ਔਫ ਪਰਸਨ ਜਾਂ ਨੁਮਾਇੰਦਾ ਤਾਂ ਜੋ ਇਹ ਪੱਕਾ ਹੋਵੇ ਕਿ ਕੀਤੇ ਜਾ ਰਹੇ ਫੈਸਲੇ ਕਲਾਇੰਟ ਦੇ ਬਿਹਤਰ ਹਿੱਤ ਵਿਚ ਹਨ।

*ਪੇਸ਼ੈਂਟਸ ਪ੍ਰਾਪਰਟੀ ਐਕਟ, ਐੱਸ.* 18(2)

ਕਮੇਟੀ ਲਈ, ਵਾਜਬ ਹੱਦ ਤੱਕ, ਮਰੀਜ਼ ਦੀ ਆਜ਼ਾਦੀ ਨੂੰ ਉਤਸ਼ਾਹ ਦੇਣਾ ਅਤੇ ਮਰੀਜ਼ ’ਤੇ ਅਸਰ ਪਾਉਣ ਵਾਲਾ ਕੋਈ ਵੀ ਫੈਸਲਾ ਕਰਨ ਵਿਚ ਮਰੀਜ਼ ਨੂੰ ਸ਼ਾਮਲ ਹੋਣ ਲਈ ਉਤਸ਼ਾਹ ਦੇਣਾ ਜ਼ਰੂਰੀ ਹੈ।

## ਸ਼ੁਰੂ ਕਰਨਾ

ਕਮੇਟੀ ਔਫ ਇਸਟੇਟ ਵਜੋਂ ਨਿਯੁਕਤ ਕੀਤੇ ਜਾਣ ’ਤੇ, ਪੀ ਜੀ ਟੀ ਕਲਾਇੰਟ ਨਾਲ ਸੰਪਰਕ ਕਰੇਗਾ ਅਤੇ ਉਨ੍ਹਾਂ ਸਰਗਰਮੀਆਂ ਬਾਰੇ ਦੱਸੇਗਾ ਜਿਹੜੀਆਂ ਹੋਣਗੀਆਂ। ਇਕ ਨਵਾਂ ਕਲਾਇੰਟ ਪੀ ਜੀ ਟੀ ਤੋਂ ਅੱਗੇ ਲਿਖੀਆਂ ਚੀਜ਼ਾਂ ਦੀ ਉਮੀਦ ਰੱਖ ਸਕਦਾ ਹੈ:

- ਉਨ੍ਹਾਂ ਨੂੰ ਹੋਰ ਅਸੈੱਸਮੈਂਟਾਂ ਜਾਂ ਦੁਬਾਰਾ ਅਸੈੱਸਮੈਂਟਾਂ ਲਈ ਚੋਣਾਂ ਬਾਰੇ ਦੱਸੇਗਾ;
- ਆਜ਼ਾਦੀ ਨੂੰ ਉਤਸ਼ਾਹ ਦੇਵੇਗਾ ਅਤੇ ਫੈਸਲੇ ਕਰਨ ਵਿਚ ਕਲਾਇੰਟ ਦੀ ਸ਼ਮੂਲੀਅਤ ਨੂੰ ਉਤਸ਼ਾਹ ਦੇਵੇਗਾ;
- ਪਹਿਲੀ ਕਲਾਇੰਟ ਫੇਰੀ ਤਹਿ ਕਰੇਗਾ;
- ਪਰਿਵਾਰ, ਦੋਸਤਾਂ ਅਤੇ ਵਿੱਤੀ ਸੰਸਥਾਵਾਂ ਤੋਂ ਜਾਣਕਾਰੀ ਇਕੱਠੀ ਕਰੇਗਾ;
- ਕਮੇਟੀ ਔਫ ਇਸਟੇਟ ਵਜੋਂ ਪੀ ਜੀ ਟੀ ਦੇ ਅਧਿਕਾਰ ਬਾਰੇ ਵਿੱਤੀ ਸੰਸਥਾਵਾਂ ਨਾਲ ਸੰਪਰਕ ਕਰੇਗਾ;
- ਪੀ ਜੀ ਟੀ ਦੇ ਇੰਸਪੈਕਟਰਾਂ ਨੂੰ ਕਹੇਗਾ ਕਿ ਉਹ ਕਲਾਇੰਟ ਦੀ ਰਿਹਾਇਸ਼/ਪ੍ਰਾਪਰਟੀ ਦੀ ਇੰਸਪੈਕਸ਼ਨ ਕਰਨ;
- ਸੰਪਤੀ ਦੀ ਲਿਸਟ ਬਣਾਏਗਾ ਅਤੇ ਇਸ ਨੂੰ ਸੁਰੱਖਿਅਤ ਕਰੇਗਾ;
- ਜਿੱਥੇ ਢੁਕਵਾਂ ਹੋਵੇ ਨਿੱਜੀ ਚੀਜ਼ਾਂ/ਰੀਅਲ ਪ੍ਰਾਪਰਟੀ ਨੂੰ ਵੇਚੇਗਾ;
- ਵਸੀਅਤ ਲਈ ਭਾਲ ਕਰੇਗਾ;
- ਕਿਸੇ ਵੀ ਕਾਨੂੰਨੀ ਮਾਮਲੇ ਨਾਲ ਨਜਿੱਠੇਗਾ;
- ਕੇਸ ਪਲੈਨ ਅਤੇ ਬੱਜਟ ਤਿਆਰ ਕਰੇਗਾ;
- ਡਾਕ ਨੂੰ ਹੋਰ ਐਡਰੈਸ ਉੱਤੇ ਭੇਜੇਗਾ ਅਤੇ ਜਿੱਥੇ ਲੋੜ ਹੋਵੇ ਐਡਰੈਸ ਬਦਲੇਗਾ; ਅਤੇ
- ਆਮਦਨ ਅਤੇ ਬਿੱਲਾਂ ਨੂੰ ਹੋਰ ਐਡਰੈਸ ਉੱਤੇ ਭੇਜੇਗਾ ਅਤੇ ਆਟੋਮੈਟਿਕ ਪੇਮੈਂਟਾਂ ਦਾ ਪ੍ਰਬੰਧ ਕਰੇਗਾ।

## ਜਾਣਕਾਰੀ ਇਕੱਤਰ ਕਰਨਾ

ਕਲਾਇੰਟ ਦੀ ਵਿੱਤੀ ਹਾਲਤ ਨੂੰ ਪੂਰੀ ਤਰ੍ਹਾਂ ਸਮਝਣ ਲਈ ਪੀ ਜੀ ਟੀ ਕਲਾਇੰਟ ਦੇ ਮਾਮਲਿਆਂ ਬਾਰੇ ਵੱਧ ਤੋਂ ਵੱਧ ਜਾਣਕਾਰੀ ਇਕੱਠੀ ਕਰਨ ਦੀ ਕੋਸ਼ਿਸ਼ ਕਰਦਾ ਹੈ। ਬਹੁਤ ਸਾਰੇ ਕੇਸਾਂ ਵਿਚ, ਕਲਾਇੰਟ ਆਪਣੀ ਸੰਪਤੀ, ਆਮਦਨ, ਕਰਜ਼ਿਆਂ ਅਤੇ ਹੋਰ ਜ਼ਿੰਮੇਵਾਰੀਆਂ ਬਾਰੇ ਪੂਰੀ ਤਰ੍ਹਾਂ ਦੱਸਣ ਦੇ ਯੋਗ ਨਹੀਂ ਹੁੰਦਾ।

ਜਿੱਥੇ ਵੀ ਸੰਭਵ ਹੋਵੇ, ਪੀ ਜੀ ਟੀ ਵੱਖ ਵੱਖ ਸ੍ਰੋਤਾਂ ਤੋਂ ਜਾਣਕਾਰੀ ਇਕੱਠੀ ਕਰਦਾ ਹੈ। ਰਿਸ਼ਤੇਦਾਰਾਂ ਨੂੰ ਕੇਸ ਮੈਨੇਜਰ ਨਾਲ ਗੱਲ ਕਰਨ ਅਤੇ ਕਲਾਇੰਟ ਦੀਆਂ ਤਰਜੀਹਾਂ ਅਤੇ ਫਿਕਰਾਂ ਬਾਰੇ ਗੱਲ ਕਰਨ ਲਈ ਉਤਸ਼ਾਹ ਦਿੱਤਾ ਜਾਂਦਾ ਹੈ ਤਾਂ ਜੋ ਕੇਸ ਮੈਨੇਜਰ ਸਭ ਤੋਂ ਵਧੀਆ ਸੰਭਵ ਸਰਵਿਸ ਪ੍ਰਦਾਨ ਕਰ ਸਕੇ। ਸ਼ਾਮਲ ਰਿਸ਼ਤੇਦਾਰਾਂ ਅਤੇ ਦੋਸਤਾਂ ਨੂੰ ਇਕ ਪ੍ਰਸ਼ਨਾਵਲੀ ਭੇਜੀ ਜਾਂਦੀ ਹੈ ਅਤੇ ਇਹ ਜਵਾਬ ਕਲਾਇੰਟ ਦੇ ਮਾਮਲਿਆਂ ਦੀ ਦੇਖਭਾਲ ਕਰਨ ਵਿਚ ਬਹੁਤ ਮਦਦ ਕਰਦੇ ਹਨ, ਖਾਸ ਤੌਰ ’ਤੇ ਜਦੋਂ ਇਹ ਸਮੇਂ ਸਿਰ ਦੇ ਦਿੱਤੀ ਜਾਂਦੀ ਹੈ। ਕੋਈ ਵੀ ਜਾਣਕਾਰੀ ਜਿਹੜੀ ਕੇਸ ਮੈਨੇਜਰ ਨੂੰ ਕਲਾਇੰਟ ਦੀਆਂ ਹਾਲਤਾਂ, ਜਾਂ ਪਰਿਵਾਰ ਦੀ ਹਾਲਤ ਦੀ ਬਿਹਤਰ ਸਮਝ ਦੇ ਸਕੇ, ਬਿਹਤਰ ਸਰਵਿਸ ਦੇਣਾ ਸੰਭਵ ਬਣਾਉਣ ਵਿਚ ਮਦਦ ਕਰੇਗੀ।

ਕੁਝ ਸਮੇਂ ਲਈ ਕਲਾਇੰਟ ਦੀ ਡਾਕ ਵੀ ਪੀ ਜੀ ਟੀ ਨੂੰ ਜਾਵੇਗੀ ਤਾਂ ਜੋ ਉਸ ਆਮਦਨ, ਸੰਪਤੀ ਅਤੇ ਦੇਣਦਾਰੀਆਂ ਦੀ ਪਛਾਣ ਕੀਤੀ ਜਾ ਸਕੇ ਜਿਸ ਦਾ ਪ੍ਰਬੰਧ ਕਰਨ ਦੀ ਲੋੜ ਹੈ। ਸਾਰੀ ਨਿੱਜੀ ਡਾਕ ਕਲਾਇੰਟ ਨੂੰ ਦਿੱਤੀ ਜਾਵੇਗੀ।

ਪੀ ਜੀ ਟੀ ਕਲਾਇੰਟ ਦੀ ਜਾਣਕਾਰੀ ਦੀ ਭੇਤਦਾਰੀ ਅਤੇ ਸੁਰੱਖਿਆ ਕਾਇਮ ਰੱਖਣ ਲਈ ਵਚਨਬੱਧ ਹੈ ਅਤੇ ਨਿੱਜੀ ਜਾਣਕਾਰੀ ਦੇ ਇਕੱਤਰੀਕਰਨ, ਵਰਤੋਂ ਅਤੇ ਪ੍ਰਗਟਾਅ ਲਈ ਬੀ ਸੀ ਦੇ ਕਾਨੂੰਨ ਦੀ ਪਾਲਣਾ ਕਰਨਾ ਜ਼ਰੂਰੀ ਹੈ। ਹੋਰਨਾਂ ਨਾਲ ਜਾਣਕਾਰੀ ਸਿਰਫ ਤਾਂ ਹੀ ਸਾਂਝੀ ਕੀਤੀ ਜਾਂਦੀ ਹੈ ਜਦੋਂ ਇਹ ਕਲਾਇੰਟ ਦੇ ਬਿਹਤਰ ਹਿੱਤ ਵਿਚ ਹੁੰਦੀ ਹੈ। ਇਸ ਦਾ ਮਲਤਬ ਇਹ ਹੋ ਸਕਦਾ ਹੈ ਕਿ ਕੁਝ ਵਿੱਤੀ ਜਾਂ ਹੋਰ ਜਾਣਕਾਰੀ ਲੋਕਾਂ ਨਾਲ ਸਾਂਝੀ ਕੀਤੀ

ਜਾ ਸਕਦੀ ਹੈ ਜਿਵੇਂ ਕਿ ਸਿਹਤ ਸੇਵਾਵਾਂ ਦੇਣ ਵਾਲੇ ਜਾਂ ਸ਼ਾਮਲ ਪਰਿਵਾਰ ਜੇ ਇਹ ਕਲਾਇੰਟ ਦੀ ਮਦਦ ਕਰਨ ਲਈ, ਜਾਂ ਪੀ ਜੀ ਟੀ ਵਲੋਂ ਆਪਣੇ ਫਰਜ਼ ਨਿਭਾਉਣ ਲਈ ਜ਼ਰੂਰੀ ਹੋਵੇ। ਕਲਾਇੰਟ ਦੀਆਂ ਇੱਛਾਵਾਂ ਅਤੇ ਹਾਲਤ ਨੂੰ ਸਦਾ ਧਿਆਨ ਵਿਚ ਰੱਖਿਆ ਜਾਂਦਾ ਹੈ।

## ਆਮਦਨ ਇਕੱਠੀ ਕਰਨਾ ਅਤੇ ਬਿੱਲ ਦੇਣਾ

ਪੀ ਜੀ ਟੀ ਕਲਾਇੰਟ ਦੀ ਤਰਫੋਂ ਆਮਦਨ ਇਕੱਠੀ ਕਰੇਗਾ। ਉਦਾਹਰਣ ਲਈ, ਪੀ ਜੀ ਟੀ, ਤਨਖਾਹਾਂ, ਪੈਨਸ਼ਨਾਂ, ਡਿਸਏਬਿਲਟੀ ਪੇਮੈਂਟਾਂ, ਵਰਕਸੇਫ ਬੀ ਸੀ ਦੀਆਂ ਪੇਮੈਂਟਾਂ, ਵਜ਼ੀਫੇ, ਮੌਰਗੇਜ ਅਤੇ ਸੇਲ ਪੇਮੈਂਟਾਂ ਲਈ ਐਗਰੀਮੈਂਟ, ਇਨਵੈਸਟਮੈਂਟ ਦੀ ਆਮਦਨ, ਕਿਰਾਏ ਅਤੇ ਵਸੀਅਤ ਹੇਠ ਤੋਹਫੇ ਇਕੱਠੇ ਕਰ ਸਕਦਾ ਹੈ।

ਪੀ ਜੀ ਟੀ ਇਹ ਵੀ ਪੱਕਾ ਕਰਦਾ ਹੈ ਕਿ ਕਲਾਇੰਟ ਦੀ ਤਰਫੋਂ ਕੋਈ ਵੀ ਬਿੱਲ ਜਾਂ ਖਰਚੇ ਵੀ ਦਿੱਤੇ ਜਾਣ। ਜਿੱਥੇ ਕਲਾਇੰਟ ਆਪਣੇ ਕੁਝ ਰੋਜ਼ਮਰਾ ਦੇ ਕੰਮ ਕਰਨ ਦੇ ਯੋਗ ਹੈ, ਉੱਥੇ ਗਰੌਸਰੀ, ਆਉਣ ਜਾਣ ਅਤੇ ਮਨੋਰੰਜਨ ਵਰਗੇ ਖਰਚੇ ਕਵਰ ਕਰਨ ਲਈ ਕਲਾਇੰਟ ਦੇ ਬੈਂਕ ਅਕਾਊਂਟ ਵਿਚ ਪੈਸੇ ਰੱਖੇ ਜਾਣਗੇ। ਜੇ ਕਲਾਇੰਟ ਕਿਸੇ ਕੇਅਰ ਫਾਸਿਲਟੀ ਵਿਚ ਹੈ ਤਾਂ ਪੀ ਜੀ ਟੀ ਮੇਨਟੇਨੈਂਸ ਦੇ ਚਾਰਜ ਦਿੰਦਾ ਹੈ ਅਤੇ ਛੋਟੀਆਂ ਖਰੀਦਾਂ ਲਈ ਵਾਧੂ ਪੈਸੇ ਦਿੰਦਾ ਹੈ ਜੇ ਕਲਾਇੰਟ ਨੂੰ ਇਹ ਵਾਰਾ ਖਾਂਦਾ ਹੋਵੇ।

ਜੇ ਕਲਾਇੰਟ ’ਤੇ ਨਿਰਭਰਾਂ ਨੂੰ ਲੋੜ ਹੋਵੇ ਤਾ ਕਲਾਇੰਟ ਦੀ ਸੰਪਤੀ ਉਨ੍ਹਾਂ ਦੀ ਮਦਦ ਕਰਨ ਲਈ ਵਰਤੀ ਜਾ ਸਕਦੀ ਹੈ, ਜੋ ਕਿ ਮਦਦ ਦੀ ਕਿਸਮ ਅਤੇ ਮਾਤਰਾ, ਕਲਾਇੰਟ ਦੀਆਂ ਇੱਛਾਵਾਂ ਅਤੇ ਲੋੜਾਂ, ਅਤੇ ਪਰਿਵਾਰ ਦੇ ਮੈਂਬਰ ਦੀ ਮਦਦ ਕਰਨ ਦੀ ਉਸ ਦੀ ਕਾਨੂੰਨੀ ਜ਼ਿੰਮੇਵਾਰੀ ’ਤੇ ਨਿਰਭਰ ਕਰਦਾ ਹੈ।

ਜੇ ਬਾਲਗ ਕੋਲ ਰਹਿਣ ਦੇ ਖਰਚੇ ਕਵਰ ਕਰਨ ਲਈ ਪੈਸੇ ਨਾ ਹੋਣ ਤਾਂ ਪੀ ਜੀ ਟੀ ਕਲਾਇੰਟ ਦੀ ਤਰਫੋਂ ਇਨਕਮ ਅਸਿਸਟੈਂਸ ਜਾਂ ਹੋਰ ਲਾਗੂ ਹੋਣ ਵਾਲੇ ਬੈਨੇਫਿਟਸ ਲਈ ਅਪਲਾਈ ਕਰੇਗਾ।

ਜੇ ਕਰਜ਼ਾ ਜਾਂ ਹੋਰ ਦੇਣਦਾਰੀਆਂ ਹੋਣ ਅਤੇ ਬਾਲਗ ਕੋਲ ਢੁਕਵੇਂ ਪੈਸੇ ਹੋਣ ਤਾਂ ਪੀ ਜੀ ਟੀ ਅਦਾਇਗੀਆਂ ਕਰਨ ਜਾਂ ਬਾਲਗ ਦੀ ਤਰਫੋਂ ਕਲੇਮ ਦਾ ਹਿਸਾਬ ਚੁਕਦਾ ਕਰਨ ਦਾ ਪ੍ਰਬੰਧ ਕਰੇਗਾ।

## ਸੰਪਤੀ ਦੀ ਦੇਖਭਾਲ ਕਰਨਾ

ਜਦੋਂ ਕੋਈ ਪੀ ਜੀ ਟੀ ਦਾ ਕਲਾਇੰਟ ਬਣਦਾ ਹੈ ਤਾਂ ਪੀ ਜੀ ਟੀ ਕਲਾਇੰਟ ਲਈ ਟਰੱਸਟ ਅਕਾਊਂਟ ਬਣਾਉਂਦਾ ਹੈ। ਇੱਥੇ ਕਲਾਇੰਟ ਦੀ ਨਗਦੀ ਇਨਵੈਸਟ ਕੀਤੀ ਜਾਂਦੀ ਹੈ, ਆਮਦਨ ਜਮ੍ਹਾਂ ਕਰਾਈ ਜਾਂਦੀ ਹੈ ਅਤੇ ਬਿੱਲ ਦਿੱਤੇ ਜਾਂਦੇ ਹਨ। ਪੀ ਜੀ ਟੀ ਹੋਰ ਸੰਪਤੀ ਦੀ ਰਖਵਾਲੀ ਕਰੇਗਾ ਜਾਂ ਵੇਚੇਗਾ, ਜੋ ਕਿ ਹਰ ਕਲਾਇੰਟ ਦੀ ਸੰਪਤੀ ਦੀ ਕਿਸਮ ਅਤੇ ਹਲਾਤਾਂ ’ਤੇ ਨਿਰਭਰ ਕਰੇਗਾ। ਬਹੁਤ ਸਾਰੀਆਂ ਚੀਜ਼ਾਂ (ਜਿਵੇਂ ਕਿ ਮੋਟਰ ਗੱਡੀਆਂ ਅਤੇ ਸਪੈਕੂਲੇਟਿਵ ਸਟੌਕ) ਕੀਮਤ ਵਿਚ ਘਟ ਸਕਦੀਆਂ ਹਨ ਜੇ ਇਨ੍ਹਾਂ ਨੂੰ ਨਗਦੀ ਵਿਚ ਤਬਦੀਲ ਨਾ ਕੀਤਾ ਜਾਵੇ। ਅਕਸਰ, ਕਲਾਇੰਟ ਦੇ ਪਰਿਵਾਰ ਦੀਆਂ ਲੋੜਾਂ, ਕਰੈਡਿਟਰਾਂ ਦੀਆਂ ਮੰਗਾਂ, ਸਾਂਭਣ ਦੇ ਖਰਚੇ ਅਤੇ ਹੋਰ ਹਾਲਾਤ ਸੰਪਤੀ ਨੂੰ ਵੇਚਣ ਦੀ ਮੰਗ ਕਰਦੇ ਹਨ। ਇਸ ਦੇ ਨਾਲ ਹੀ, ਕੁਦਰਤੀ ਤੌਰ ’ਤੇ ਕੁਝ ਸੰਪਤੀ ਨੂੰ ਨਗਦੀ ਵਿਚ ਤਬਦੀਲ ਕਰਨਾ ਬਿਹਤਰ ਹੈ ਜੇ ਇਸ ਦੀ ਰਖਵਾਲੀ ਕਰਨਾ ਔਖਾ ਹੋਵੇ। ਹਰ ਕਲਾਇੰਟ ਦੇ ਖਾਸ ਹਾਲਾਤ ਸਭ ਤੋਂ ਬਿਹਤਰ ਚੋਣ ਦਾ ਫੈਸਲਾ ਕਰਦੇ ਹਨ।

- **ਬੈਂਕ ਅਕਾਊਂਟ:** ਜਿੱਥੇ ਸੰਭਵ ਹੋਵੇ, ਪ੍ਰਬੰਧ ਕੀਤੇ ਜਾਂਦੇ ਹਨ ਤਾਂ ਜੋ ਕਲਾਇੰਟ ਆਪਣੇ ਬੈਂਕ ਅਕਾਊਂਟ ਤੱਕ ਪਹੁੰਚ ਕਰਨਾ ਜਾਰੀ ਰੱਖ ਸਕੇ। ਇਹ ਕਾਇਮ ਕੀਤੇ ਜਾਣਗੇ ਪਰ ਕਲਾਇੰਟ ਦੇ ਹਿੱਤਾਂ ਦੀ ਰਖਵਾਲੀ ਕਰਨ ਤੱਕ ਹੀ ਸੀਮਤ ਹੋਣਗੇ। ਜੇ ਕਲਾਇੰਟ ਬੈਂਕ ਅਕਾਊਂਟ ਤੱਕ ਪਹੁੰਚ ਕਰਨ ਦੇ ਅਸਮਰੱਥ ਹੋਵੇ ਤਾਂ ਇਸ ਨੂੰ ਆਮ ਤੌਰ ’ਤੇ ਬੰਦ ਕਰ ਦਿੱਤਾ ਜਾਵੇਗਾ ਅਤੇ ਇਸ ਵਿਚਲੀ ਰਕਮ ਪੀ ਜੀ ਟੀ ਨਾਲ ਕਲਾਇੰਟ ਦੇ ਬਣਾਏ ਗਏ ਟਰੱਸਟ ਅਕਾਊਂਟ ਵਿਚ ਇਨਵੈਸਟ ਕੀਤੀ ਜਾਵੇਗੀ।

- **ਸਾਂਝੇ ਬੈਂਕ ਅਕਾਊਂਟ:** ਜਦੋਂ ਕਿਸੇ ਕਲਾਇੰਟ ਦਾ ਕਿਸੇ ਹੋਰ ਵਿਅਕਤੀ ਨਾਲ ਸਾਂਝਾ ਬੈਂਕ ਅਕਾਊਂਟ ਹੁੰਦਾ ਹੈ ਤਾਂ ਕਈ ਚੀਜ਼ਾਂ ’ਤੇ ਵਿਚਾਰ ਕੀਤੀ ਜਾਂਦੀ ਹੈ, ਜਿਵੇਂ ਕਿ ਅਕਾਊਂਟ ਦੀ ਕਿਸਮ ਅਤੇ ਅਕਾਊਂਟ ਖੋਲ੍ਹਣ ਵੇਲੇ ਕੀ ਇਰਾਦਾ ਸੀ। ਹਰ ਹਾਲਤ ਨਾਲ ਨਿੱਜੀ ਆਧਾਰ ’ਤੇ ਸਿੱਝਿਆ ਜਾਂਦਾ ਹੈ।

- **ਸਾਂਝੀ ਸਪਾਊਜ਼ਲ ਸੰਪਤੀ:** ਜਦੋਂ ਕਲਾਇੰਟ ਦੀ ਆਪਣੇ ਸਪਾਊਸ (ਪਤਨੀ/ਪਤੀ) ਨਾਲ ਸਾਂਝੀ ਸੰਪਤੀ ਹੁੰਦੀ ਹੈ ਤਾਂ ਪੀ ਜੀ ਟੀ ਟੈਕਸਾਂ, ਰੀਅਲ ਇਸਟੇਟ, ਇਨਸ਼ੋਰੈਂਸ ਅਤੇ ਪੈਨਸ਼ਨ ਵੰਡਣ ਦੀਆਂ ਚੋਣਾਂ ਵਰਗੇ ਮਾਮਲਿਆਂ ਬਾਰੇ ਸਪਾਊਸ ਨਾਲ ਗੱਲ ਕਰੇਗਾ।

- **ਹੋਰ ਸਾਂਝੀ ਸੰਪਤੀ:** ਜਦੋਂ ਕਲਾਇੰਟ ਦੀ ਕਿਸ ਹੋਰ ਨਾਲ ਸਾਂਝੀ ਸੰਪਤੀ ਹੁੰਦੀ ਹੈ ਤਾਂ ਪੀ ਜੀ ਟੀ ਉਸ ਵਿਅਕਤੀ ਨਾਲ ਟੈਕਸਾਂ, ਰੀਅਲ ਇਸਟੇਟ, ਅਤੇ ਇਨਸ਼ੋਰੈਂਸ ਵਰਗੇ ਮਾਮਲਿਆਂ ’ਤੇ ਗੱਲ ਕਰੇਗਾ।

• **ਨਗਦੀ:** ਸਾਰੀ ਨਗਦ ਸੰਪਤੀ ਪੀ ਜੀ ਟੀ ਨਾਲ ਟਰੱਸਟ ਅਕਾਊਂਟ ਜਾਂ ਇਨਵੈਸਟਮੈਂਟ ਅਕਾਊਂਟਾਂ ਵਿਚ ਰੱਖੀ ਜਾਂਦੀ ਹੈ।

• **ਸੇਫਟੀ ਡਿਪਾਜ਼ਿਟ ਬੌਕਸ ਦੀ ਸਾਮੱਗਰੀ:** ਪੀ ਜੀ ਟੀ ਇਹ ਪੱਕਾ ਕਰਨ ਲਈ ਜ਼ਿੰਮੇਵਾਰ ਹੈ ਕਿ ਸਾਰੀ ਮਹੱਤਵਪੂਰਨ ਸੰਪਤੀ ਗਿਣੀ ਗਈ ਹੈ ਅਤੇ ਸੁਰੱਖਿਅਤ ਹੈ। ਆਮ ਤੌਰ 'ਤੇ ਬੌਕਸ ਬੰਦ ਕਰ ਦਿੱਤਾ ਜਾਂਦਾ ਹੈ ਅਤੇ ਚੀਜ਼ਾਂ ਸੁਰੱਖਿਅਤ ਰੱਖੇ ਜਾਣ ਲਈ ਕੱਢ ਲਈਆਂ ਜਾਂਦੀਆਂ ਹਨ।

• **ਸਟੌਕ ਅਤੇ ਬੌਂਡ:** ਜੇ ਕਲਾਇੰਟ ਨੂੰ ਨਗਦੀ ਦੀ ਲੋੜ ਹੋਵੇ ਤਾਂ ਸਟੌਕ ਅਤੇ ਬੌਂਡ ਵੇਚੇ ਜਾ ਸਕਦੇ ਹਨ। ਜੇ ਕਲਾਇੰਟ ਦੇ ਮਾਮਲੇ ਲੰਮੇ ਸਮੇਂ ਲਈ ਪੀ ਜੀ ਟੀ ਵਲੋਂ ਸਾਂਭੇ ਜਾਣ ਦੀ ਸੰਭਾਵਨਾ ਹੋਵੇ ਤਾਂ ਇਨਵੈਸਟਮੈਂਟਾਂ 'ਤੇ ਵਿਚਾਰ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਨੂੰ ਪੀ ਜੀ ਟੀ ਦੇ ਇਨਵੈਸਟਮੈਂਟ ਅਕਾਊਂਟ ਵਿਚ ਤਬਦੀਲ ਕੀਤਾ ਜਾਂਦਾ ਹੈ। ਪੈਸੇ ਕਢਾਉਣ ਲਈ ਜੁਰਮਾਨਿਆਂ ਤੋਂ ਬਚਣ ਦੇ ਯਤਨ ਕੀਤੇ ਜਾਂਦੇ ਹਨ।

• **ਫਰਨੀਚਰ ਅਤੇ ਹੋਰ ਨਿੱਜੀ ਚੀਜ਼ਾਂ:** ਜੇ ਇਸ ਚੀਜ਼ ਦੀ ਸੰਭਾਵਨਾ ਹੈ ਕਿ ਕਲਾਇੰਟ ਨੇ ਆਪਣੇ ਆਪ ਰਹਿਣਾ ਜਾਰੀ ਰੱਖਣਾ ਹੈ ਤਾਂ ਸਜਾਵਟੀ ਅਤੇ ਹੋਰ ਚੀਜ਼ਾਂ ਕਲਾਇੰਟ ਕੋਲ ਹੀ ਰਹਿਣਗੀਆਂ। ਜੇ ਕਲਾਇੰਟ ਨੂੰ ਆਪਣੇ ਫਰਨੀਚਰ ਅਤੇ ਹੋਰ ਚੀਜ਼ਾਂ ਦੀ ਲੋੜ ਨਾ ਹੋਵੇ ਕਿਉਂਕਿ ਉਹ ਆਜ਼ਾਦ ਨਹੀਂ ਰਹਿ ਰਹੇ ਹਨ ਤਾਂ ਇਨ੍ਹਾਂ ਚੀਜ਼ਾਂ ਨੂੰ ਸਟੋਰ ਕੀਤਾ ਜਾ ਸਕਦਾ ਹੈ ਜੇ ਕਲਾਇੰਟ ਸਟੋਰੇਜ ਦਾ ਖਰਚਾ ਦੇ ਸਕਦਾ ਹੋਵੇ। ਜੇ ਕਲਾਇੰਟ ਨੂੰ ਚੀਜ਼ਾਂ ਦੀ ਲੋੜ ਨਾ ਪੈਣ ਦੀ ਸੰਭਾਵਨਾ ਹੈ ਤਾਂ ਇਹ ਪਬਲਿਕ ਨੀਲਾਮੀ ਵਿਚ ਵੇਚੀਆਂ ਜਾ ਸਕਦੀਆਂ ਹਨ ਅਤੇ ਵੱਟਤਾਂ ਕਲਾਇੰਟ ਦੇ ਟਰੱਸਟ ਅਕਾਊਂਟ ਵਿਚ ਜਮ੍ਹਾਂ ਕਰਾਈਆਂ ਜਾ ਸਕਦੀਆਂ ਹਨ।

• **ਯਾਦ ਰੱਖਣ ਯੋਗ ਚੀਜ਼ਾਂ:** ਕਲਾਇੰਟ ਦੀਆਂ ਯਾਦ ਰੱਖਣ ਚੀਜ਼ਾਂ ਨੂੰ ਸਾਂਭਣ ਜਾਂ ਸਟੋਰ ਕਰਨ ਦੀਆਂ ਸਾਰੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ, ਜਿਵੇਂ ਕਿ ਫੋਟੋਆਂ ਅਤੇ ਪਰਿਵਾਰ ਦੀਆਂ ਨਿਸ਼ਾਨੀਆਂ।

• **ਰੀਅਲ ਇਸਟੇਟ ਨੂੰ ਸਾਂਭਣਾ:** ਜੇ ਕਲਾਇੰਟ ਘਰ ਰਹਿਣਾ ਜਾਰੀ ਰੱਖਦਾ ਹੈ ਜਾਂ ਉਸ ਦੇ ਘਰ ਵਾਪਸ ਜਾਣ ਦੀ ਸੰਭਾਵਨਾ ਹੈ ਤਾਂ ਕਲਾਇੰਟ ਦੀ ਰਿਹਾਇਸ਼ ਨੂੰ ਕਾਇਮ ਰੱਖਣ ਲਈ ਹਰ ਕੋਸ਼ਿਸ਼ ਕੀਤੀ ਜਾਵੇਗੀ। ਜੇ ਹਸਪਤਾਲ ਵਿਚ ਠਹਿਰਾਅ ਥੋੜ੍ਹਾ ਸਮਾਂ ਹੋਣ ਦੀ ਉਮੀਦ ਹੋਵੇ ਤਾਂ ਘਰ ਨੂੰ ਸੁਰੱਖਿਅਤ ਕੀਤਾ ਜਾਵੇਗਾ ਅਤੇ ਖਾਲੀ ਛੱਡਿਆ ਜਾਵੇਗਾ। ਜੇ ਹਸਪਤਾਲ ਵਿਚ ਜ਼ਿਆਦਾ ਸਮਾਂ ਰਹਿਣ ਦੀ ਲੋੜ ਹੋਵੇ ਤਾਂ ਸਾਜ਼-ਸਾਮਾਨ ਸਟੋਰੇਜ ਵਿਚ ਮੂਵ ਕੀਤਾ ਜਾਵੇਗਾ ਅਤੇ ਘਰ ਨੂੰ ਕਿਰਾਏ 'ਤੇ ਦਿੱਤਾ ਜਾ ਸਕਦਾ ਹੈ। ਅਜਿਹਾ ਪ੍ਰਬੰਧ ਉਦੋਂ ਕੀਤਾ ਜਾ ਸਕਦਾ ਹੈ ਜਦੋਂ ਕਲਾਇੰਟ ਕੋਲ ਖਰਚਿਆਂ ਨੂੰ ਕਵਰ ਕਰਨ ਦੇ ਢੁਕਵੇਂ ਵਸੀਲੇ ਹੋਣ, ਜਿਵੇਂ ਕਿ ਟੈਕਸ, ਮੌਰਗੇਜ, ਰਿਪੇਅਰਾਂ, ਅਤੇ ਪ੍ਰਾਪਰਟੀ ਦੀ ਸੰਭਾਲ ਨਾਲ ਸੰਬੰਧਿਤ ਹੋਰ ਖਰਚੇ। ਪ੍ਰਾਪਰਟੀ ਦੀ ਸੰਭਾਲ ਕਰਨ, ਰਿਪੇਅਰਾਂ ਪੂਰੀਆਂ ਕਰਨ, ਇੰਸਪੈਕਸ਼ਨਾਂ ਕਰਨ ਅਤੇ ਘਰ ਨੂੰ ਸਰਦੀ ਵਿਚ ਰਹਿਣ ਯੋਗ ਬਣਾਉਣ ਲਈ ਪੀ ਜੀ ਟੀ ਕਿਸੇ ਪ੍ਰਾਪਰਟੀ ਮੈਨੇਜਮੈਂਟ ਕੰਪਨੀ ਦੀਆਂ ਸੇਵਾਵਾਂ ਲੈਂਦੀ ਹੈ।

• **ਰੀਅਲ ਇਸਟੇਟ ਨੂੰ ਵੇਚਣਾ:** ਜੇ ਇਸ ਚੀਜ਼ ਦੀ ਸੰਭਾਵਨਾ ਨਹੀਂ ਹੈ ਕਿ ਕਲਾਇੰਟ ਪ੍ਰਾਪਰਟੀ ਦੀ ਦੁਬਾਰਾ ਵਰਤੋਂ ਕਰੇਗਾ, ਜਾਂ ਜੇ ਉਹ ਪ੍ਰਾਪਰਟੀ ਦੀ ਸੰਭਾਲ ਦੇ ਖਰਚੇ ਕਵਰ ਨਾ ਕਰ ਸਕਦਾ ਹੋਵੇ ਤਾਂ ਪ੍ਰਾਪਰਟੀ ਵੇਚੀ ਜਾ ਸਕਦੀ ਹੈ। ਪ੍ਰਾਪਰਟੀ ਵੇਚਣ ਤੋਂ ਪਹਿਲਾਂ ਕਲਾਇੰਟ ਅਤੇ ਉਸ ਦੇ ਨੇੜਲੇ ਰਿਸ਼ਤੇਦਾਰਾਂ ਨਾਲ ਸਲਾਹ ਕੀਤੀ ਜਾਂਦੀ ਹੈ, ਜੇ ਪੀ ਜੀ ਟੀ ਰਿਸ਼ਤੇਦਾਰਾਂ ਨੂੰ ਜਾਣਦਾ ਹੋਵੇ। ਪ੍ਰਾਪਰਟੀ ਵੇਚਣ ਤੋਂ ਪਹਿਲਾਂ ਇਸ ਦੀ ਅਪਰੇਜ਼ਲ ਕਰਵਾਈ ਜਾਂਦੀ ਹੈ ਤਾਂ ਜੋ ਇਹ ਪੱਕਾ ਹੋਵੇ ਕਿ ਵਿਕਰੀ ਨਾਲ ਸਭ ਤੋਂ ਬਿਹਤਰ ਕੀਮਤ ਲਈ ਗਈ ਹੈ।

• **ਮੋਟਰ ਗੱਡੀਆਂ:** ਕੁਝ ਕੇਸਾਂ ਵਿਚ, ਕਲਾਇੰਟ ਅਜੇ ਵੀ ਮੋਟਰ ਗੱਡੀ ਚਲਾਉਣ ਦੇ ਯੋਗ ਹੋ ਸਕਦਾ ਹੈ, ਅਤੇ ਜੇ ਢੁਕਵੇਂ ਫੰਡ ਹੋਣ ਤਾਂ ਪੀ ਜੀ ਟੀ ਗੱਡੀ ਦੀ ਇਨਸ਼ੋਰੈਂਸ ਦੀ ਪੇਮੈਂਟ ਅਤੇ ਗੱਡੀ ਦੀ ਚਲਾਈ ਨਾਲ ਸੰਬੰਧਿਤ ਖਰਚਿਆਂ ਦਾ ਪ੍ਰਬੰਧ ਕਰੇਗਾ। ਬਹੁਤ ਸਾਰੇ ਕੇਸਾਂ ਵਿਚ, ਕਲਾਇੰਟ ਗੱਡੀ ਦੀ ਵਰਤੋਂ ਨਹੀਂ ਕਰਦਾ ਹੋਵੇਗਾ। ਜੇ ਕਲਾਇੰਟ ਗੱਡੀ ਨਹੀਂ ਚਲਾਉਂਦਾ ਜਾਂ ਆਪਣੀ ਗੱਡੀ ਦਾ ਫਾਇਦਾ ਨਹੀਂ ਲੈਂਦਾ ਤਾਂ ਪੀ ਜੀ ਟੀ ਗੱਡੀ ਵੇਚ ਦੇਵੇਗਾ।

## ਫੀਸ ਅਤੇ ਖਰਚੇ

ਪੀ ਜੀ ਟੀ, ਕਮੇਟੀ ਔਫ ਇਸਟੇਟ ਦੀਆਂ ਸੇਵਾਵਾਂ ਲਈ ਫੀਸਾਂ ਚਾਰਜ ਕਰਦਾ ਹੈ: ਸੰਪਤੀ ਨੂੰ ਸੰਭਾਲਣਾ, ਆਮਦਨ ਨੂੰ ਸੰਭਾਲਣਾ, ਖਰਚੇ ਦੇਣਾ, ਸੰਪਤੀ ਨੂੰ ਸੁਰੱਖਿਅਤ ਕਰਨਾ, ਬੈਂਕਾਂ ਦੇ ਕੰਮ ਕਰਨਾ, ਇਨਵੈਸਟਿੰਗ ਅਤੇ ਬੱਜਟ ਬਣਾਉਣਾ। ਫੀਸਾਂ ਦਾ ਵਿਸਥਾਰ ਵਿਚ ਵੇਰਵਾ www.trustee.bc.ca/fees 'ਤੇ ਦੇਖਿਆ ਜਾ ਸਕਦਾ ਹੈ।

ਕਲਾਇੰਟ ਚੀਜ਼ਾਂ ਜਾਂ ਪੇਸ਼ਾਵਰ ਸੇਵਾਵਾਂ ਨਾਲ ਸੰਬੰਧਿਤ ਖਰਚਿਆਂ ਲਈ ਵੀ ਜ਼ਿੰਮੇਵਾਰ ਹੈ ਜਿਵੇਂ ਕਿ ਰੀਅਲ ਇਸਟੇਟ ਏਜੰਟਾਂ ਦੀਆਂ ਸੇਵਾਵਾਂ, ਪ੍ਰਾਪਰਟੀ ਮੈਨੇਜਮੈਂਟ ਦੀਆਂ ਸੇਵਾਵਾਂ, ਘਰ ਦੀਆਂ ਰਿਪੇਅਰਾਂ, ਪ੍ਰਾਪਰਟੀ ਟੈਕਸ, ਟੈਕਸ ਰੀਟਰਨਾਂ ਦੀ ਤਿਆਰੀ, ਕਾਨੂੰਨੀ ਸੇਵਾਵਾਂ ਅਤੇ ਸੰਪਤੀ ਦੀ ਸਟੋਰੇਜ, ਹਿਫਾਜ਼ਤ ਅਤੇ ਸੰਭਾਲ।

## ਕਮੇਟੀ ਔਫ ਇਸਟੇਟ ਵਜੋਂ ਪੀ ਜੀ ਟੀ ਦੇ ਰੋਲ ਨੂੰ ਖਤਮ ਕਰਨਾ

ਕਮੇਟੀ ਉਦੋਂ ਤੱਕ ਨਿਯੁਕਤ ਕੀਤੀ ਜਾਂਦੀ ਹੈ ਜਦ ਤੱਕ ਅਸੈੱਸਮੈਂਟ ਇਹ ਫੈਸਲਾ ਕਰਦੀ ਹੈ ਕਿ ਬਾਲਗ ਸਮਰੱਥ ਹੈ, ਕਲਾਇੰਟ ਦੀ ਮੌਤ ਹੋ ਜਾਂਦੀ ਹੈ, ਅਦਾਲਤ ਕਮੇਟੀਸ਼ਿਪ ਖਤਮ ਕਰ ਦਿੰਦੀ ਹੈ ਜਾਂ ਅਦਾਲਤ ਵਲੋਂ ਕਿਸੇ ਹੋਰ ਦੀ ਨਿਯੁਕਤੀ ਕੀਤੀ ਜਾਂਦੀ ਹੈ।

ਜਦੋਂ ਕਮੇਟੀ ਵਜੋਂ ਪੀ ਜੀ ਟੀ ਦਾ ਰੋਲ ਇਸ ਕਰਕੇ ਖਤਮ ਹੋ ਜਾਂਦਾ ਹੈ ਕਿ ਕਿਉਂਕਿ ਕਲਾਇੰਟ ਸਮਰੱਥ ਹੈ ਤਾਂ ਪੀ ਜੀ ਟੀ ਦਾ ਸਟਾਫ ਕਲਾਇੰਟ ਨੂੰ ਉਸ ਦੀ ਵਿੱਤੀ ਜਾਣਕਾਰੀ, ਮੌਜੂਦਾ ਕਾਨੂੰਨੀ ਮਾਮਲਿਆਂ ਦੇ ਦਰਜੇ, ਤਰਜੀਹੀ ਮਸਲਿਆਂ, ਅਤੇ ਮਦਦ ਕਰਨ ਵਾਲੇ ਕਮਿਊਨਟੀ ਵਸੀਲਿਆਂ ਅਤੇ ਸੰਪਰਕਾਂ ਬਾਰੇ ਦੱਸੇਗਾ ਤਾਂ ਜੋ ਆਜ਼ਾਦ ਰਹਿਣ ਲਈ ਨਿਰਵਿਘਨ ਅਤੇ ਕਾਮਯਾਬ ਤਬਦੀਲੀ ਯਕੀਨੀ ਬਣ ਸਕੇ। ਜਦੋਂ ਪੀ ਜੀ ਟੀ, ਆਪਣੇ ਕਮੇਟੀ ਔਫ ਇਸਟੇਟ ਦਾ ਰੋਲ ਖਤਮ ਕਰਦਾ ਹੈ ਤਾਂ ਸਾਰੀ ਸੰਪਤੀ ਕਲਾਇੰਟ ਨੂੰ ਵਾਪਸ ਦੇ ਦਿੱਤੀ ਜਾਂਦੀ ਹੈ।

ਕਮੇਟੀਸ਼ਿਪ ਖਤਮ ਕਰਨ ਲਈ ਲੋੜੀਂਦੇ ਕਦਮ ਇਸ ਚੀਜ਼ ’ਤੇ ਨਿਰਭਰ ਕਰਦੇ ਹਨ ਕਿ ਕੀ ਪੀ ਜੀ ਟੀ ਦੀ ਨਿਯੁਕਤੀ ਸਰਟੀਫਿਕੇਟ ਔਫ ਇਨਕੈਪੇਬਿਲਟੀ ਨਾਲ ਜਾਂ ਅਦਾਲਤ ਦੇ ਆਰਡਰ ਨਾਲ ਕੀਤੀ ਗਈ ਸੀ।

ਏ) ***ਅਦਾਲਤ ਦੇ ਆਰਡਰ ਨਾਲ ਕਮੇਟੀਸ਼ਿਪ:*** ਜਦੋਂ ਪੀ ਜੀ ਟੀ ਨੂੰ ਅਦਾਲਤ ਵਲੋਂ ਕਮੇਟੀ ਨਿਯੁਕਤ ਕੀਤਾ ਜਾਂਦਾ ਹੈ ਤਾਂ ਕਮੇਟੀਸ਼ਿਪ ਨੂੰ ਖਤਮ ਕਰਨ ਲਈ ਇਕ ਨਵੇਂ ਆਰਡਰ ਦੀ ਲੋੜ ਹੁੰਦੀ ਹੈ। ਅਦਾਲਤ ਵਲੋਂ ਨਿਯੁਕਤ ਕੀਤੀਆਂ ਗਈਆਂ ਸਾਰੀਆਂ ਕਮੇਟੀਆਂ ਲਈ ਅਜਿਹਾ ਹੁੰਦਾ ਹੈ। ਅਦਾਲਤ ਵਲੋਂ ਆਰਡਰ ਕੀਤੀ ਗਈ ਕਮੇਟੀਸ਼ਿਪ ਨੂੰ ਖਤਮ ਕਰਨ ਦਾ ਸਿਰਫ ਇੱਕੋ ਤਰੀਕਾ ਅਦਾਲਤ ਲਈ ਇਹ ਪਤਾ ਲਾਉਣਾ ਹੈ ਕਿ ਬਾਲਗ ਸਮਰੱਥ ਹੈ। ਅਦਾਲਤ ਅੱਗੇ ਸਮਰੱਥਾ ਦੀ ਡੈਕਲਾਰੇਸ਼ਨ ਲਈ ਅਰਜ਼ੀ ਲਿਆਉਣ ਲਈ ਆਮ ਤੌਰ ’ਤੇ ਕਿਸੇ ਵਕੀਲ ਦੀ ਮਦਦ ਲੈਣਾ ਜ਼ਰੂਰੀ ਹੁੰਦਾ ਹੈ। ਚਾਰਜ ਕੀਤੀਆਂ ਗਈਆਂ ਕਾਨੂੰਨੀ ਫੀਸਾਂ ਲਈ ਬਾਲਗ ਜ਼ਿੰਮੇਵਾਰ ਹੋਵੇਗਾ। ਜਦੋਂ ਪੀ ਜੀ ਟੀ ਕਮੇਟੀ ਹੁੰਦਾ ਹੈ ਤਾਂ ਕਲਾਇੰਟ ਦਾ ਕੇਸ ਮੈਨੇਜਰ ਇਸ ਕਾਰਜ ਦੇ ਤਾਲਮੇਲ ਵਿਚ ਮਦਦ ਕਰ ਸਕਦਾ ਹੈ।

ਬੀ) ***ਅਸਮਰੱਥਾ ਦੇ ਸਰਟੀਫਿਕੇਟ ਨਾਲ ਕਮੇਟੀਸ਼ਿਪ:*** ਜਦੋਂ ਪੀ ਜੀ ਟੀ, ਅਸਮਰੱਥਾ ਦੇ ਸਰਟੀਫਿਕੇਟ ਨਾਲ ਕਮੇਟੀ ਔਫ ਇਸਟੇਟ ਬਣਿਆ ਹੁੰਦਾ ਹੈ ਤਾਂ ਕਮੇਟੀਸ਼ਿਪ ਉਦੋਂ ਖਤਮ ਕੀਤੀ ਜਾ ਸਕਦੀ ਹੈ ਜਦੋਂ:

- ਅਸਮਰੱਥਾ ਦੀ ਦੂਜੀ ਅਸੈੱਸਮੈਂਟ ਜਾਂ ਰੀਅਸੈੱਸਮੈਂਟ ਤੋਂ ਬਾਅਦ ਬਾਲਗ ਸਮਰੱਥ ਸਮਝਿਆ ਜਾਂਦਾ ਹੈ;
- ਹੁਣ ਪੀ ਜੀ ਟੀ ਦੀ ਲੋੜ ਨਹੀਂ ਹੈ। ਉਦਾਹਰਣ ਲਈ, ਫਿਕਰਾਂ ਦਾ ਹੱਲ ਕਰਨ ਲਈ ਗੈਰਰਸਮੀ ਚੋਣਾਂ ਕਾਫੀ ਹੋ ਸਕਦੀਆਂ ਹਨ ਜਾਂ ਕੋਈ ਭਰੋਸੇਯੋਗ ਵਿਅਕਤੀ ਮਦਦ ਕਰਨ ਦੇ ਯੋਗ ਹੋ ਸਕਦਾ ਹੈ;
- ਅਦਾਲਤ ਕਮੇਟੀਸ਼ਿਪ ਖਤਮ ਕਰ ਦਿੰਦੀ ਹੈ; ਜਾਂ
- ਅਦਾਲਤ ਇਕ ਨਵੀਂ ਕਮੇਟੀ ਨਿਯੁਕਤ ਕਰਦੀ ਹੈ।

### ਰੀਅਸੈੱਸਮੈਂਟਾਂ

ਬਾਲਗ ਅਸਮਰੱਥਾ ਦੀ ਰੀਅਸੈੱਸਮੈਂਟ ਕਰਨ ਲਈ ਕਹਿ ਸਕਦਾ ਹੈ ਅਤੇ ਪੀ ਜੀ ਟੀ ਸਟਾਫ ਨਾਲ ਗੱਲ ਕਰ ਸਕਦਾ ਹੈ ਜੋ ਕਿ ਲੋੜੀਂਦੇ ਕਦਮਾਂ ਬਾਰੇ ਦੱਸ ਸਕਦਾ ਹੈ ਅਤੇ ਰੀਅਸੈੱਸਮੈਂਟ ਲਈ ਬੇਨਤੀ ਕਰਨ ਦੇ ਕਾਰਜ ਵਿਚ ਮਦਦ ਕਰ ਸਕਦਾ ਹੈ। ਬਾਲਗ ਸਿੱਧਾ ਆਪਣੇ ਡਾਕਟਰ ਨਾਲ ਵੀ ਗੱਲ ਕਰ ਸਕਦਾ ਹੈ। ਬਾਲਗ ਨੂੰ ਰੀਅਸੈੱਸਮੈਂਟ ਦਾ ਖਰਚਾ ਦੇਣ ਦੀ ਲੋੜ ਪੈ ਸਕਦੀ ਹੈ।

ਰੀਅਸੈੱਸਮੈਂਟ ਲਈ ਬੇਨਤੀ ਕਰਨ ਤੋਂ ਇਲਾਵਾ, ਬਾਲਗ ਚੋਣਾਂ ਬਾਰੇ ਜਾਂ ਅਸਮਰੱਥਾ ਦੇ ਸਰਟੀਫਿਕੇਟ ਜਾਂ ਅਦਾਲਤ ਦੇ ਆਰਡਰ ਨੂੰ ਚੁਣੌਤੀ ਦੇਣ ਲਈ ਕਿਸੇ ਵਕੀਲ ਨਾਲ ਵੀ ਸਲਾਹ ਕਰ ਸਕਦਾ ਹੈ। ਬਾਲਗ ਚਾਰਜ ਕੀਤੀਆਂ ਜਾਣ ਵਾਲੀਆਂ ਕਾਨੂੰਨੀ ਫੀਸਾਂ ਲਈ ਜ਼ਿੰਮੇਵਾਰ ਹੋਵੇਗਾ। ਕਲਾਇੰਟ ਦਾ ਕੇਸ ਮੈਨੇਜਰ ਕਾਨੂੰਨੀ ਸੇਵਾਵਾਂ ਲਈ ਵਸੀਲਿਆਂ ਦੀ ਲਿਸਟ ਪ੍ਰਦਾਨ ਕਰ ਸਕਦਾ ਹੈ।

### ਜਦੋਂ ਕੋਈ ਬਾਲਗ ਸਮਰੱਥ ਬਣ ਜਾਂਦਾ ਹੈ ਜਾਂ ਪੀ ਜੀ ਟੀ ਦੀ ਲੋੜ ਨਹੀਂ ਰਹਿੰਦੀ

ਪੀ ਜੀ ਟੀ ਕਲਾਇੰਟ ਦੀ ਸਾਰੀ ਸੰਪਤੀ ਬਾਲਗ ਨੂੰ ਤਬਦੀਲ ਕਰ ਦੇਵੇਗਾ ਅਤੇ ਆਜ਼ਾਦ ਰਹਿਣੀ ਲਈ ਤਬਦੀਲੀ ਵਿਚ ਕਲਾਇੰਟ ਦੀ ਮਦਦ ਕਰੇਗਾ। ਬਾਲਗ ਪੀ ਜੀ ਟੀ ਤੋਂ ਇਹ ਉਮੀਦ ਰੱਖ ਸਕਦਾ ਹੈ:

- ਪੀ ਜੀ ਟੀ ਦੇ ਕਮੇਟੀ ਔਫ ਇਸਟੇਟ ਦੇ ਅਧਿਕਾਰ ਖਤਮ ਹੋਣ ਬਾਰੇ ਸਾਰੀਆਂ ਧਿਰਾਂ ਨੂੰ ਦੱਸਣ ਦੀ;
- ਸਾਰੀ ਸੰਪਤੀ ਤੁਰੰਤ ਵਾਪਸ ਕਰਨ ਦੀ;
- ਆਮਦਨ ਅਤੇ ਬਿੱਲ ਪੇਮੈਂਟਾਂ ਕਲਾਇੰਟ ਵਲੋਂ ਦਿੱਤੇ ਜਾਣ ਦੀ;
- ਪੈਸੇ-ਧੇਲੇ, ਤਰਜੀਹੀ ਮਾਮਲਿਆਂ, ਮੌਜੂਦ ਕਾਨੂੰਨੀ ਮਾਮਲਿਆਂ ਅਤੇ ਕਮਿਊਨਟੀ ਵਸੀਲਿਆਂ ਬਾਰੇ ਜਾਣਕਾਰੀ ਦੇਣ ਦੀ;
- ਸਵਾਲਾਂ ਦੇ ਜਵਾਬ ਦੇਣ ਦੀ;
- ਆਜ਼ਾਦ ਰਹਿਣੀ ਵੱਲ ਕਲਾਇੰਟ ਦੀ ਨਿਰਵਿਘਨ ਤਬਦੀਲੀ ਵਿਚ ਮਦਦ ਕਰਨ ਦੀ।

## ਜਦੋਂ ਕਮੇਟੀ ਬਦਲੀ ਜਾਂਦੀ ਹੈ

ਪੀ ਜੀ ਟੀ ਜਾਂ ਕੋਈ ਪ੍ਰਾਈਵੇਟ ਕਮੇਟੀ ਬਦਲੀ ਜਾ ਸਕਦੀ ਹੈ ਜੇ ਨਵੀਂ ਕਮੇਟੀ ਬਣਾਉਣ ਵਾਲਾ ਅਦਾਲਤ ਦਾ ਆਰਡਰ ਕੀਤਾ ਜਾਂਦਾ ਹੈ। ਜੇ ਕੋਈ ਪੀ ਜੀ ਟੀ ਦੇ ਕਲਾਇੰਟ ਲਈ ਕਮੇਟੀ ਬਣਨਾ ਚਾਹੁੰਦਾ ਹੋਵੇ ਤਾਂ ਉਹ ਵਿਅਕਤੀ ਨਿਯੁਕਤ ਕੀਤੇ ਜਾਣ ਲਈ ਅਦਾਲਤ ਕੋਲ ਅਪਲਾਈ ਕਰ ਸਕਦਾ ਹੈ। ਜੇ ਨਿਯੁਕਤੀ ਹੋ ਜਾਵੇ ਤਾਂ ਪੀ ਜੀ ਟੀ ਕਲਾਇੰਟ ਦੇ ਮਾਮਲਿਆਂ ਦੀ ਜ਼ਿੰਮੇਵਾਰੀ ਨਵੀਂ ਪ੍ਰਾਈਵੇਟ ਕਮੇਟੀ ਨੂੰ ਤਬਦੀਲ ਕਰ ਦੇਵੇਗਾ।

ਪੀ ਜੀ ਟੀ, ਆਪਣੀਆਂ ਕਾਨੂੰਨੀ ਜ਼ਿੰਮੇਵਾਰੀਆਂ ਸਮਝਣ ਵਿਚ ਪ੍ਰਾਈਵੇਟ ਕਮੇਟੀ ਦੀ ਮਦਦ ਕਰੇਗਾ ਅਤੇ ਕਲਾਇੰਟ ਦੀ ਵਿੱਤੀ ਜਾਣਕਾਰੀ, ਮੌਜੂਦਾ ਕਾਨੂੰਨੀ ਮਾਮਲਿਆਂ ਦੇ ਦਰਜੇ, ਤਰਜੀਹੀ ਮਸਲਿਆਂ, ਅਤੇ ਮਦਦ ਕਰਨ ਵਾਲੇ ਕਮਿਉਨਟੀ ਵਸੀਲਿਆਂ ਅਤੇ ਸੰਪਰਕਾਂ ਬਾਰੇ ਦੱਸੇਗਾ ਤਾਂ ਜੋ ਪ੍ਰਾਈਵੇਟ ਕਮੇਟੀ ਨੂੰ ਨਿਰਵਿਘਨ ਅਤੇ ਕਾਮਯਾਬ ਤਬਦੀਲੀ ਯਕੀਨੀ ਬਣ ਸਕੇ।

ਜੇ ਕਿਸੇ ਵੀ ਸਮੇਂ ਪ੍ਰਾਈਵੇਟ ਕਮੇਟੀ ਕੰਮ ਨਾ ਕਰ ਸਕੇ (ਉਦਾਹਰਣ ਲਈ, ਜੇ ਪ੍ਰਾਈਵੇਟ ਕਮੇਟੀ ਦੀ ਮੌਤ ਹੋ ਜਾਂਦੀ ਹੈ ਜਾਂ ਉਸ ਦਾ ਅਧਿਕਾਰ ਹਟਾ ਦਿੱਤਾ ਗਿਆ ਹੈ) ਤਾਂ ਨਵੀਂ ਕਮੇਟੀ ਦੇ ਨਿਯੁਕਤ ਹੋਣ ਤੱਕ ਪੀ ਜੀ ਟੀ ਡੀਫਾਲਟ ਕਮੇਟੀ ਬਣ ਜਾਂਦਾ ਹੈ।

# ਜਦੋਂ ਕਲਾਇੰਟ ਦੀ ਮੌਤ ਹੋ ਜਾਂਦੀ ਹੈ

ਜੇ ਪਬਲਿਕ ਗਾਰਡੀਅਨ ਐਂਡ ਟਰੱਸਟੀ (ਪੀ ਜੀ ਟੀ) ਦੇ ਕਮੇਟੀ ਔਫ ਇਸਟੇਟ ਹੋਣ ਦੌਰਾਨ ਕਲਾਇੰਟ ਦੀ ਮੌਤ ਹੋ ਜਾਂਦੀ ਹੈ ਤਾਂ ਕਲਾਇੰਟ ਦੀ ਸਾਰੀ ਸੰਪਤੀ ਕਲਾਇੰਟ ਦੀ ਜਾਇਦਾਦ ਦਾ ਹਿੱਸਾ ਬਣ ਜਾਂਦੀ ਹੈ। ਕਲਾਇੰਟ ਦੀ ਵਸੀਅਤ, ਜਾਂ ਸੂਬੇ ਦੇ ਬੇਵਸੀਅਤੀ ਨਿਯਮ, ਜੇ ਕਲਾਇੰਟ ਦੀ ਮੌਤ ਵਸੀਅਤ ਤੋਂ ਬਿਨਾਂ ਹੁੰਦੀ ਹੈ, ਇਹ ਫੈਸਲਾ ਕਰਦੇ ਹਨ ਕਿ ਸੰਪਤੀ ਕਿਵੇਂ ਵੰਡੀ ਜਾਣੀ ਹੈ। ਸੰਪਤੀ ਵਸੀਅਤ ਦੇ ਪ੍ਰਬੰਧਕ (ਐਗਜ਼ੀਕਿਊਟਰ) ਜਾਂ ਐਡਮਿਨਸਟਰੇਟਰ ਨੂੰ ਤਬਦੀਲ ਕੀਤੀ ਜਾਂਦੀ ਹੈ ਜੋ ਕਿ ਜਾਇਦਾਦ ਦੀ ਸੰਪਤੀ ਮ੍ਰਿਤਕ ਦੇ ਲਾਭ-ਪਾਤਰਾਂ (ਬੈਨੇਫਿਸ਼ਰੀਜ਼) ਜਾਂ ਬਿਨਾਂ ਵਸੀਅਤ ਕੀਤੇ ਮਰਨ ਵਾਲੇ ਦੇ ਵਾਰਸਾਂ ਨੂੰ ਵੰਡਣ ਲਈ ਜ਼ਿੰਮੇਵਾਰ ਹੁੰਦਾ ਹੈ। ਸੰਪਤੀ ਦੇ ਤਬਦੀਲ ਹੋਣ ਤੱਕ, ਪੀ ਜੀ ਟੀ ਸੰਪਤੀ ਦੀ ਰਖਵਾਲੀ ਕਰੇਗਾ ਅਤੇ ਕਲਾਇੰਟ ਦੀ ਆਮਦਨ ਉਗਰਾਹੁਣਾ ਜਾਰੀ ਰੱਖੇਗਾ।

## ਸੰਸਕਾਰ ਦੇ ਪ੍ਰਬੰਧ

ਸੰਸਕਾਰ (ਫਿਊਨਰਲ) ਦੇ ਪ੍ਰਬੰਧ ਕਰਨ ਵੇਲੇ ਕਲਾਇੰਟ ਦੇ ਪਰਿਵਾਰ ਦੇ ਮੈਂਬਰਾਂ ਨੂੰ ਪੀ ਜੀ ਟੀ ਦੇ ਕੇਸ ਮੈਨੇਜਰ ਨਾਲ ਸਲਾਹ ਕਰਨ ਲਈ ਉਤਸ਼ਾਹ ਦਿੱਤਾ ਜਾਂਦਾ ਹੈ। ਜੇ ਵਸੀਅਤ ਦਾ ਕੋਈ ਪ੍ਰਬੰਧਕ ਜਾਂ ਪਰਿਵਾਰ ਦਾ ਮੈਂਬਰ ਨਾ ਹੋਵੇ ਤਾਂ ਸੰਸਕਾਰ ਦੇ ਪ੍ਰਬੰਧ ਕੇਸ ਮੈਨੇਜਰ ਕਰ ਸਕਦਾ ਹੈ।

## ਮੁਢਲੇ ਕਦਮ

ਪੀ ਜੀ ਟੀ ਦਾ ਸਟਾਫ:

- ਮੌਤ ਦਾ ਸਰਟੀਫਿਕੇਟ ਲਵੇਗਾ;
- ਆਮਦਨ ਦੇ ਸਾਰੇ ਸ੍ਰੋਤਾਂ, ਲੈਣਦਾਰਾਂ ਅਤੇ ਕੈਨੇਡਾ ਰੈਵੇਨਿਊ ਏਜੰਸੀ ਨੂੰ ਦੱਸੇਗਾ;
- ਵਸੀਅਤ ਦੇ ਪ੍ਰਬੰਧਕ ਜਾਂ ਜਾਇਦਾਦ ਨੂੰ ਵੰਡਣ ਲਈ ਯੋਗ ਕਰੀਬੀ ਰਿਸ਼ਤੇਦਾਰ ਨੂੰ ਲੱਭਣ ਦੀ ਕੋਸ਼ਿਸ਼ ਕਰੇਗਾ;
- ਜਾਇਦਾਦ ਨੂੰ ਵੰਡਣ ਲਈ ਅਦਾਲਤ ਕੋਲ ਅਰਜ਼ੀ ਕਰਨ ਲਈ ਵਸੀਅਤ ਦੇ ਪ੍ਰਬੰਧਕ ਜਾਂ ਕਰੀਬੀ ਰਿਸ਼ਤੇਦਾਰ ਨੂੰ ਜਾਇਦਾਦ ਦੀ ਸੰਪਤੀ ਬਾਰੇ ਜਾਣਕਾਰੀ ਦੇਵੇਗਾ;
- ਕਲਾਇੰਟ ਦੇ ਪੈਸੇ ਧੇਲੇ ਦੇ ਪੀ ਜੀ ਟੀ ਵਲੋਂ ਪ੍ਰਬੰਧ 'ਤੇ ਵਿਚਾਰ ਕਰੇਗਾ, ਸਮੇਤ ਫੀਸ 'ਤੇ ਵਿਚਾਰ ਕਰਨ ਦੇ।

## ਜਾਇਦਾਦ ਦੀ ਤਬਦੀਲੀ

ਪੀ ਜੀ ਟੀ ਨੂੰ ਅਦਾਲਤ ਵਲੋਂ ਜਾਰੀ ਕੀਤੀ ਗਈ ਰੈਪਰੇਜ਼ਿਨਟੇਸ਼ਨ ਗ੍ਰਾਂਟ ਦੀ ਕਾਪੀ ਦੀ ਲੋੜ ਹੁੰਦੀ ਹੈ ਜੋ ਕਿ ਵਸੀਅਤ ਦੇ ਪ੍ਰਬੰਧਕ ਜਾਂ ਐਡਮਿਨਸਟਰੇਟਰ ਨੂੰ ਇਸਟੇਟ ਦੇ ਫੰਡ ਲੈਣ ਦਾ ਅਧਿਕਾਰ ਦਿੰਦੀ ਹੈ। ਪੀ ਜੀ ਟੀ ਮੰਗ ਕਰਦਾ ਹੈ ਕਿ ਵਸੀਅਤ ਦਾ ਪ੍ਰਬੰਧਕ ਜਾਂ ਐਡਮਿਨਸਟਰੇਟਰ ਰਿਲੀਜ਼ 'ਤੇ ਦਸਖਤ ਕਰੇ। ਘੱਟ ਸੰਪਤੀ ਵਾਲੀਆਂ ਇਸੇਟਟਾਂ ਲਈ ਸ਼ਾਇਦ ਰੈਪਰੇਜ਼ਿਨਟੇਸ਼ਨ ਗ੍ਰਾਂਟ ਦੀ ਲੋੜ ਨਾ ਪਵੇ। ਜ਼ਿਆਦਾ ਜਾਣਕਾਰੀ ਲਈ ਪੀ ਜੀ ਟੀ ਦੇ ਸਟਾਫ ਨਾਲ ਗੱਲ ਕਰੋ।

## ਤਬਦੀਲੀ ਦੌਰਾਨ ਪੀ ਜੀ ਟੀ ਦਾ ਕਾਨੂੰਨੀ ਅਧਿਕਾਰ

ਪੀ ਜੀ ਟੀ ਕਲਾਇੰਟ ਦੀ ਮੌਤ ਤੋਂ ਬਾਅਦ ਵੀ ਉਦੋਂ ਤੱਕ ਕਮੇਟੀ ਔਫ ਇਸਟੇਟ ਦਾ ਅਧਿਕਾਰ ਜਾਰੀ ਰੱਖਦਾ ਹੈ ਜਦ ਤੱਕ ਵਸੀਅਤ ਦੇ ਪ੍ਰਬੰਧਕ ਜਾਂ ਐਡਮਿਨਸਟਰੇਟਰ ਦੀ ਨਿਯੁਕਤੀ ਵਾਲੀ ਰੈਪਰੇਜ਼ਿਨਟੇਸ਼ਨ ਗ੍ਰਾਂਟ ਜਾਰੀ ਨਹੀਂ ਹੋ ਜਾਂਦੀ। ਪਰ, ਇਹ ਅਧਿਕਾਰ ਸੀਮਤ ਹੁੰਦਾ ਹੈ। ਇਸ ਸਮੇਂ ਦੌਰਾਨ, ਇਸਟੇਟ ਲੀਏਜ਼ਾਨ ਡਿਪਾਰਟਮੈਂਟ ਇਸਟੇਟ ਦੀ ਸੰਪਤੀ ਨੂੰ ਕਾਇਮ ਰੱਖਣ ਅਤੇ ਸੰਭਾਲਣ ਨਾਲ ਜੁੜੇ ਰੋਜ਼ਮਰਾ ਦੇ ਪ੍ਰਬੰਧ ਕਰਦਾ ਹੈ।

## ਜੇ ਵਸੀਅਤ ਦੇ ਪ੍ਰਬੰਧਕ ਜਾਂ ਕਰੀਬੀ ਰਿਸ਼ਤੇਦਾਰ ਨੂੰ ਲੱਭਿਆ ਨਾ ਜਾ ਸਕੇ

ਪੀ ਜੀ ਟੀ ਇਸਟੇਟ ਐਂਡ ਪਰਸਨਲ ਟਰੱਸਟ ਸਰਵਿਸਿਜ਼ ਉਨ੍ਹਾਂ ਵਿਅਕਤੀਆਂ ਦੀ ਇਸਟੇਟ ਦਾ ਪ੍ਰਬੰਧ ਚਲਾਉਂਦਾ ਹੈ ਜਿਨ੍ਹਾਂ ਦੀ ਮੌਤ ਵਸੀਅਤ ਨਾਲ ਜਾਂ ਬਿਨਾਂ ਵਸੀਅਤ ਦੇ ਹੋ ਜਾਂਦੀ ਹੈ, ਜਦੋਂ ਵਸੀਅਤ ਦਾ ਪ੍ਰਬੰਧਕ, ਪਰਿਵਾਰ ਦਾ ਮੈਂਬਰ ਜਾਂ ਕੋਈ ਹੋਰ ਯੋਗ ਵਿਅਕਤੀ ਇਸਟੇਟ ਦਾ ਪ੍ਰਬੰਧ ਨਹੀਂ ਚਲਾਉਣਾ ਚਾਹੁੰਦਾ ਜਾਂ ਚਲਾਉਣ ਦੇ ਅਯੋਗ ਹੁੰਦਾ ਹੈ। ਜਦੋਂ ਪੀ ਜੀ ਟੀ ਦੇ ਕਮੇਟੀ ਹੋਣ ਦੌਰਾਨ ਕਿਸੇ ਕਲਾਇੰਟ ਦੀ ਮੌਤ ਹੋ ਜਾਂਦੀ ਹੈ ਤਾਂ ਇਸਟੇਟ ਲੀਏਜ਼ਾਨ ਡਿਪਾਰਟਮੈਂਟ ਜਾਂ ਤਾਂ ਇਸ ਨੂੰ ਇਸਟੇਟ ਐਂਡ ਪਰਸਨਲ ਟਰੱਸਟ ਸਰਵਿਸਿਜ਼ ਕੋਲ ਰੈਫਰ ਕਰੇਗੀ ਜਾਂ ਬੀ ਸੀ ਅਨਕਲੇਮਡ ਪ੍ਰਾਪਰਟੀ ਸੁਸਾਇਟੀ ਕੋਲ। ਜੇ ਕਲਾਇੰਟ ਦੀ ਸੰਪਤੀ ਬੀ ਸੀ ਅਨਕਲੇਮਡ ਪ੍ਰਾਪਰਟੀ ਸੁਸਾਇਟੀ ਨੂੰ ਤਬਦੀਲ ਕੀਤੀ ਜਾਂਦੀ ਹੈ ਤਾਂ ਕਿਸੇ ਹੱਕਦਾਰ ਨੂੰ ਉਨ੍ਹਾਂ ਨਾਲ ਸਿੱਧਾ ਮੁਫਤ 888.662.2877 'ਤੇ ਜਾਂ info@bcunclaimedproperty.bc.ca 'ਤੇ ਸੰਪਰਕ ਕਰਨਾ ਚਾਹੀਦਾ ਹੈ।

# ਜਦੋਂ ਪੀ ਜੀ ਟੀ ਕਮੇਟੀ ਹੁੰਦਾ ਹੈ
## *ਹੱਕਾਂ ਬਾਰੇ ਜਾਣਕਾਰੀ*

ਜਦੋਂ ਪਬਲਿਕ ਗਾਰਡੀਅਨ ਐਂਡ ਟਰੱਸਟੀ (ਪੀ ਜੀ ਟੀ) ਨੂੰ ਕਮੇਟੀ ਔਫ ਇਸਟੇਟ ਨਿਯੁਕਤ ਕੀਤਾ ਜਾਂਦਾ ਹੈ ਤਾਂ ਪੀ ਜੀ ਟੀ ਨੂੰ ਕਲਾਇੰਟ ਦੀ ਤਰਫੋਂ ਵਿੱਤੀ ਅਤੇ ਕਾਨੂੰਨੀ ਮਾਮਲਿਆਂ ਦਾ ਪ੍ਰਬੰਧ ਚਲਾਉਣ ਦਾ ਅਧਿਕਾਰ ਹੁੰਦਾ ਹੈ। ਲਿਖਤ "ਜਦੋਂ ਪੀ ਜੀ ਟੀ ਕਮੇਟੀ ਹੁੰਦਾ ਹੈ" ਇਸ ਚੀਜ਼ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੰਦੀ ਹੈ ਕਿ ਅਸੀਂ ਆਪਣੇ ਕਲਾਇੰਟਾਂ ਦੀ ਮਦਦ ਕਿਵੇਂ ਕਰਦੇ ਹਾਂ ਅਤੇ ਵੱਖ ਵੱਖ ਸੰਪਤੀ ਨੂੰ ਕਿਵੇਂ ਸੰਭਾਲਦੇ ਹਾਂ। ਇਹ ਜਾਣਕਾਰੀ ਸ਼ੀਟ ਕਲਾਇੰਟ ਦੇ ਹੱਕਾਂ ਬਾਰੇ ਕੁਝ ਜਾਣਕਾਰੀ ਦਿੰਦੀ ਹੈ।

### ਹੱਕਾਂ ਬਾਰੇ ਜਾਣਕਾਰੀ

1 ਦਸੰਬਰ, 2014 ਨੂੰ ਬੀ ਸੀ ਦੇ ਅਡੱਲਟ ਗਾਰਡੀਅਨਸ਼ਿਪ ਦੇ ਕਾਨੂੰਨਾਂ ਵਿਚ ਕੁਝ ਤਬਦੀਲੀਆਂ ਹੋਈਆਂ ਹਨ। ਜਦੋਂ ਪੀ ਜੀ ਟੀ ਨੂੰ ਅਸਮਰੱਥਾ ਦੇ ਸਰਟੀਫਿਕੇਟ ਰਾਹੀਂ ਕਮੇਟੀ ਔਫ ਇਸਟੇਟ ਨਿਯੁਕਤ ਕੀਤਾ ਜਾਂਦਾ ਹੈ ਤਾਂ ਬਾਲਗ ਕੋਲ ਦੂਜੀ ਅਸੈੱਸ-ਮੈਂਟ, ਰੀਅਸੈੱਸਮੈਂਟ ਅਤੇ ਅਦਾਲਤ ਵਲੋਂ ਵਿਚਾਰ ਕਰਵਾਉਣ ਦਾ ਹੱਕ ਹੁੰਦਾ ਹੈ।

- ਦੂਜੀ ਅਸੈੱਸਮੈਂਟ: ਜਦੋਂ ਪੀ ਜੀ ਟੀ ਬਾਲਗ ਨੂੰ ਇਹ ਸੂਚਨਾ ਦਿੰਦਾ ਹੈ ਕਿ ਪੀ ਜੀ ਟੀ ਨੂੰ ਕਮੇਟੀ ਔਫ ਇਸਟੇਟ ਨਿਯੁਕਤ ਕੀਤਾ ਗਿਆ ਹੈ ਤਾਂ ਬਾਲਗ, ਜਾਂ ਬਾਲਗ ਦੀ ਤਰਫੋਂ ਕੰਮ ਕਰ ਰਿਹਾ ਕੋਈ ਵਿਅਕਤੀ 40 ਦਿਨਾਂ ਦੇ ਵਿਚ ਵਿਚ ਦੂਜੀ ਅਸੈੱਸਮੈਂਟ ਦੀ ਬੇਨਤੀ ਕਰ ਸਕਦਾ ਹੈ।
- ਰੀਅਸੈੱਸਮੈਂਟਾਂ: ਬਾਲਗ ਨੂੰ ਹਰ 12 ਮਹੀਨੇ ਬਾਅਦ ਰੀਅਸੈੱਸਮੈਂਟ ਲਈ ਕਹਿਣ ਦਾ ਹੱਕ ਹੈ। ਅਸੈੱਸਮੈਂਟ ਦਾ ਤਾਲਮੇਲ ਕਰਨ ਲਈ ਕੇਸ ਮੈਨੇਜਰ ਮਦਦ ਕਰ ਸਕਦਾ ਹੈ ਜਾਂ ਬਾਲਗ ਸਿੱਧਾ ਆਪਣੇ ਡਾਕਟਰ ਨਾਲ ਗੱਲ ਕਰ ਸਕਦਾ ਹੈ।
- ਅਦਾਲਤ ਤੋਂ ਵਿਚਾਰ ਕਰਵਾਉਣਾ: ਦੂਜੀ ਅਸੈੱਸਮੈਂਟ ਜਾਂ ਰੀਅਸੈੱਸਮੈਂਟ ਤੋਂ ਬਾਅਦ, ਬਾਲਗ ਨੂੰ ਫੈਸਲੇ ਦਾ ਰਿਵੀਊ ਕਰਵਾਉਣ ਲਈ ਅਦਾਲਤ ਕੋਲ ਅਪਲਾਈ ਕਰ ਦਾ ਹੱਕ ਹੈ।

### ਮੈਨੂੰ ਆਪਣੀ ਅਸੈੱਸਮੈਂਟ ਦੀ ਕਾਪੀ ਕਿਵੇਂ ਮਿਲਦੀ ਹੈ?

ਤੁਹਾਨੂੰ ਆਪਣੀ ਨਿੱਜੀ ਜਾਣਕਾਰੀ ਲੈਣ ਦਾ ਹੱਕ ਹੈ। ਆਪਣੀ ਅਸੈੱਸਮੈਂਟ ਜਾਂ ਤੁਹਾਡੀ ਫਾਇਲ ਵਿਚਲੇ ਹੋਰ ਰਿਕਾਰਡਾਂ ਦੀ ਕਾਪੀ ਲੈਣ ਬਾਰੇ ਆਪਣੇ ਕੇਸ ਮੈਨੇਜਰ ਨਾਲ ਗੱਲ ਕਰੋ।

### ਮੈਂ ਇਸ ਫੈਸਲੇ ਨੂੰ ਚੁਣੌਤੀ ਕਿਵੇਂ ਦੇ ਸਕਦਾ/ਸਕਦੀ ਹਾਂ ਕਿ ਮੈਂ ਅਸਮਰੱਥ ਹਾਂ?

ਦੂਜੀ ਅਸੈੱਸਮੈਂਟ ਜਾਂ ਰੀਅਸੈੱਸਮੈਂਟ ਲਈ ਬੇਨਤੀ ਕਰਨ ਤੋਂ ਇਲਾਵਾ, ਤੁਸੀਂ ਆਪਣੀਆਂ ਚੋਣਾਂ ਬਾਰੇ ਜਾਂ ਅਸਮਰੱਥਾ ਦੇ ਸਰਟੀਫਿ-ਕੇਟ ਜਾਂ ਅਦਾਲਤ ਦੇ ਆਰਡਰ ਨੂੰ ਚੁਣੌਤੀ ਦੇਣ ਵਿਚ ਮਦਦ ਲਈ ਕਿਸੇ ਵਕੀਲ ਨਾਲ ਸਲਾਹ ਕਰ ਸਕਦੇ ਹੋ। ਤੁਸੀਂ ਲਈਆਂ ਜਾਣ ਵਾਲੀਆਂ ਫੀਸਾਂ ਲਈ ਜ਼ਿੰਮੇਵਾਰ ਹੋਵੋਗੇ। ਕਾਨੂੰਨੀ ਸਹਾਇਤਾ ਲੈਣ ਦੇ ਵੱਖ ਵੱਖ ਤਰੀਕੇ ਹਨ, ਜਿਸ ਵਿਚ ਮੁਫਤ ਕਾਨੂੰਨੀ ਜਾਣਕਾਰੀ, ਕਾਨੂੰਨੀ ਸਲਾਹ ਜਾਂ ਅਦਾਲਤ ਵਿਚ ਕਾਨੂੰਨੀ ਨੁਮਾਇੰਦਗੀ ਸ਼ਾਮਲ ਹਨ। ਇਨ੍ਹਾਂ ਵਸੀਲਿਆਂ ਦੀ ਲਿਸਟ ਲਈ ਕਿਰਪਾ ਕਰਕੇ ਆਪਣੇ ਕੇਸ ਮੈਨੇਜਰ ਨੂੰ ਮਿਲੋ।

### ਮੈਂ ਆਪਣੀ ਸਮਰੱਥਾ ਦੀ ਰੀਅਸੈੱਸਮੈਂਟ ਲਈ ਬੇਨਤੀ ਕਿਵੇਂ ਕਰਨੀ ਹੈ?

ਤੁਸੀਂ ਆਪਣੇ ਕੇਸ ਮੈਨੇਜਰ ਨਾਲ ਗੱਲ ਕਰ ਸਕਦੇ ਹੋ ਜੋ ਕਿ ਤੁਹਾਨੂੰ ਲੋੜੀਂਦੇ ਕਦਮਾਂ ਬਾਰੇ ਦੱਸ ਸਕਦਾ ਹੈ ਅਤੇ ਰੀਅਸੈੱਸਮੈਂਟ ਲਈ ਬੇਨਤੀ ਕਰਨ ਦੇ ਕਾਰਜ ਵਿਚ ਮਦਦ ਕਰ ਸਕਦਾ ਹੈ। ਤੁਸੀਂ ਸਿੱਧਾ ਆਪਣੇ ਡਾਕਟਰ ਨਾਲ ਵੀ ਗੱਲ ਕਰ ਸਕਦੇ ਹੋ। ਤੁਹਾਨੂੰ ਰੀਅਸੈ-ੱਸਮੈਂਟ ਦਾ ਖਰਚਾ ਦੇਣ ਦੀ ਲੋੜ ਪੈ ਸਕਦੀ ਹੈ।

### ਮੈਂ ਆਪਣੇ ਮਾਮਲੇ ਆਪ ਨਜਿੱਠਣ ਦੇ ਸਮਰੱਥ ਦਾ ਫੈਸਲਾ ਕਿਵੇਂ ਕਰਵਾਵਾਂ?

ਲੋੜੀਂਦੇ ਕਦਮ ਇਸ ਚੀਜ਼ 'ਤੇ ਨਿਰਭਰ ਕਰਦੇ ਹਨ ਕਿ ਪੀ ਜੀ ਟੀ ਦੀ ਨਿਯੁਕਤੀ ਕਿਵੇਂ ਕੀਤੀ ਗਈ ਸੀ – ਅਦਾਲਤ ਦੇ ਆਰਡਰ ਨਾਲ ਜਾਂ ਅਸਮਰੱਥਾ ਦੇ ਸਰਟੀਫਿਕੇਟ ਨਾਲ। ਜ਼ਿਆਦਾ ਵੇਰਵਿਆਂ ਲਈ "ਜਦੋਂ ਪੀ ਜੀ ਟੀ ਕਮੇਟੀ ਹੁੰਦਾ ਹੈ" ਦਾ ਸਫਾ 9 ਦੇਖੋ।

### ਪੀ ਜੀ ਟੀ ਦੀਆਂ ਸੇਵਾਵਾਂ ਜਾਂ ਫੈਸਲਿਆਂ ਬਾਰੇ ਮੈਂ ਸ਼ਿਕਾਇਤ ਕਿਵੇਂ ਕਰਨੀ ਹੈ?

ਸ਼ਿਕਾਇਤਾਂ ਕਰਨ ਦਾ ਪੀ ਜੀ ਟੀ ਦਾ ਇਕ ਅੰਦਰੂਨੀ ਢੰਗ ਹੈ। ਜ਼ਿਆਦਾ ਜਾਣਕਾਰੀ ਲਈ ਆਪਣੇ ਕੇਸ ਮੈਨੇਜਰ ਤੋਂ ਪੁੱਛੋ ਜਾਂ www.trustee.bc.ca/Pages/feedback.aspx 'ਤੇ ਸਾਡੇ ਵੈੱਬਸਾਈਟ 'ਤੇ ਜਾਓ। ਜੇ ਤੁਸੀਂ ਆਪਣੀ ਸ਼ਿਕਾਇਤ ਸਬੰਧੀ ਪੀ ਜੀ ਟੀ ਦੇ ਜਵਾਬ ਤੋਂ ਸੰਤੁਸ਼ਟ ਨਾ ਹੋਵੋ ਤਾਂ ਤੁਸੀਂ ਆਪਣੇ ਫਿਕਰ ਬੀ ਸੀ ਓਮਬਡਜ਼ਪਰਸਨ ਨੂੰ 1.800.567.3247 'ਤੇ ਫੋਨ ਕਰਕੇ ਜਾਂ www.bcombudsperson.ca 'ਤੇ ਜਾ ਕੇ ਦੱਸ ਸਕਦੇ ਹੋ।

# ਪਬਲਿਕ ਗਾਰਡੀਅਨ ਐਂਡ ਟਰੱਸਟੀ ਨਾਲ ਸੰਪਰਕ ਕਰੋ


### ਗਰੇਟਰ ਵੈਨਕੂਵਰ ਰੀਜਨਲ ਆਫਿਸ

700–808 West Hastings Street
Vancouver, BC V6C 3L3

ਫੋਨ 604.775.1001
ਫੈਕਸ 604.660.9498
ਈਮੇਲ STA@trustee.bc.ca

### ਇਨਟੀਰੀਅਰ – ਨੌਰਥ ਰੀਜਨਲ ਆਫਿਸ

1345 St. Paul Street
Kelowna, BC V1Y 2E2

ਫੋਨ 250.712.7576
ਫੈਕਸ 250.712.7578
ਈਮੇਲ STA@trustee.bc.ca

### ਵੈਨਕੂਵਰ ਆਈਲੈਂਡ ਰੀਜਨਲ ਆਫਿਸ

1215 Broad Street
Victoria, BC V8W 2A4

ਫੋਨ 250.356.8160
ਫੈਕਸ 250.356.7442
ਈਮੇਲ STA@trustee.bc.ca


**ਪੀ ਜੀ ਟੀ ਦੇ ਦਫਤਰ ਦੇ ਸਮੇਂ ਸੋਮਵਾਰ ਤੋਂ ਸ਼ੁਕਰਵਾਰ ਤੱਕ ਸਵੇਰ ਦੇ 8:30 ਤੋਂ ਬਾਅਦ ਦੁਪਹਿਰ 4:30 ਵਜੇ ਤੱਕ**

### ਦੂਰੋਂ ਮੁਫਤ ਕਾਲਿੰਗ

ਦੂਰੋਂ ਮੁਫਤ ਕਾਲਿੰਗ ਸਰਵਿਸ ਬੀ ਸੀ ਦੇ ਰਾਹੀਂ ਉਪਲਬਧ ਹੈ।
ਆਪਣੇ ਏਰੀਏ ਲਈ ਢੁਕਵਾਂ ਨੰਬਰ ਡਾਇਲ ਕਰਨ ਤੋਂ ਬਾਅਦ (ਹੇਠਾਂ ਦੇਖੋ)
**ਪਬਲਿਕ ਗਾਰਡੀਅਨ ਐਂਡ ਟਰੱਸਟੀ** ਵੱਲ ਬਦਲੇ ਜਾਣ ਲਈ ਬੇਨਤੀ ਕਰੋ।


ਵੈਨਕੂਵਰ 604.660.2421
ਵਿਕਟੋਰੀਆ 250.387.6121
ਬੀ ਸੀ ਵਿਚ ਹੋਰ ਇਲਾਕੇ 1.800.663.7867
ਈਮੇਲ webmail@trustee.bc.ca
www.trustee.bc.ca



12-14#17
[Punjabi]

December 2014